# ਸਾਂਝੀ ਵਿਰਾਸਤ

ਅੰਕ 40 ਜਿਲਦ 4

1-ਵਿਸਾਖ 557 / 14-ਅਪ੍ਰੈਲ 2025



**ਸਾਂਝੀ ਵਿਰਾਸਤ (Shared Heritage)**

**ਪੰਜਾਬੀ ਭਾਸ਼ਾ, ਸਭਿਅਤਾ, ਇਤਿਹਾਸ ਅਤੇ ਵਿਰਾਸਤ ਦੀ ਔਨਲਾਈਨ**

**ਗੈਰ-ਸਿਆਸੀ ਮਾਸਿਕ ਮੈਗਜ਼ੀਨ**

A monthly Non-political, Not-for-profit (Bilingual) On-line magazine of

**Punjabi Language, Culture, History and Heritage**

Website: **sanjhivirasat.org**

## ਵਿਸ਼ਾ ਸੂਚੀ (1-ਵਿਸਾਖ 557 / 14-ਅਪ੍ਰੈਲ 2025)


| | | | |
|---|---|---|---|
| 1 | ਸੰਪਾਦਕੀ ਨੋਟ | ਮੁਖ ਸੰਪਾਦਕ | 3 |
| 2 | ਬਾਰਹ ਮਾਹਾ ਮ: 5 ਦਾ ਪਾਠ ਅਤੇ ਵਿਆਖਿਆ | ਪ੍ਰੋਫੈਸਰ ਸਰਦਾਰ ਮਨਿੰਦਰ ਸਿੰਘ | 4 |
| 3 | ਬਾਰਹ ਮਾਹਾ ਦਾ ਪਾਠ ਅਤੇ ਕਾਵਿਕ ਵਿਆਖਿਆ | ਸਰਦਾਰ ਕਰਮਜੀਤ ਸਿੰਘ ਨੂਰ | 5 |
| 4 | ਆ ਨੀ ਵਿਸਾਖੀਏ | ਸਰਦਾਰਨੀ ਗੁਰਦੀਸ਼ ਕੌਰ ਦੀਸ਼ | 7 |
| 5 | ਨਾਨਕ ਅਮ੍ਰਿਤ ਏਕ ਹੈ ਦੂਜਾ ਅੰਮ੍ਰਿਤ ਨਾਹਿ'' | ਸਰਦਾਰ ਜਸਵਿੰਦਰ ਸਿੰਘ ਰੁਪਾਲ | 8 |
| 6 | ਗੁਰੂ ਨਾਨਕ ਸਾਹਿਬ ਦਾ ਪ੍ਰਕਾਸ਼ - ਕੱਤਕ ਜਾਂ ਵਿਸਾਖ | ਡਾ. ਸਰਦਾਰ ਕਾਬਲ ਸਿੰਘ ਅਤੇ ਡਾ. ਸਰਦਾਰ ਬਿਜੈ ਸਿੰਘ | 12 |
| 7 | ਅਰੋਗ ਮਨ ਲੰਬੀ ਉਮਰ ਤੇ ਖੁਸ਼ੀ ਦਾ ਆਧਾਰ | ਡਾ. ਸਰਦਾਰ ਡੀ. ਪੀ. ਸਿੰਘ | 16 |
| 8 | ਖੇਤੀ ਮਾਹਰ - ਡਾ. ਸ. ਸੋਹਣ ਸਿੰਘ ਪਰਿਹਾਰ | ਡਾ. ਸਰਦਾਰ ਕਾਬਲ ਸਿੰਘ | 18 |
| 9 | ਸਾਡੀਆਂ ਇੱਛਾਵਾਂ ਤੇ ਸਚਿਆਰਤਾ ਦਾ ਟੀਚਾ | ਸਰਦਾਰ ਮੋਨਿੰਦਰ ਸਿੰਘ | 20 |
| 10 | ਅੰਮ੍ਰਿਤੁ ਗੁਰ ਤੇ ਪਾਇਆ | ਪ੍ਰੋਫੈਸਰ ਸਰਦਾਰ ਮਨਿੰਦਰ ਸਿੰਘ | 23 |
| 11 | ਸ਼ਹਾਦਤਾਂ ਦੇ ਸਫ਼ਰ ਦੇ ਗੁੱਝੇ ਭੇਦ - 1 | ਸਰਦਾਰਨੀ ਗੁਰਨਾਮ ਕੌਰ | 25 |
| 12 | Universal AI University (Established by S. Tarundeep Singh Anand, Mumbai) | S. Tarlochan Singh, Ex-M.P. Former Chairman, NCM- India | 27 |
| 13 | ਸਾਨੂੰ ਇਨ੍ਹਾਂ ਤੇ ਮਾਣ ਹੈ | ਸਾਂਝੀ ਵਿਰਾਸਤ | 28 |
| 14 | ਪੁਸਤਕ ਵਿਚਾਰੀ - ਪੁਸਤਕ ਦਿਵਸ ਤੇ ਵਿਸ਼ੈਸ਼ | ਸਰਦਾਰਨੀ ਗੁਰਦੀਸ਼ ਕੌਰ ਦੀਸ਼ | 30 |
| 15 | April-23 World Book and Copyright | Prof. Dr Surjit Singh Bhatti | 31 |
| 16 | ਕਵੀ ਦਰਬਾਰ - ਗੁਰੂ ਨਾਨਕ ਪ੍ਰਕਾਸ਼ ਦਿਵਸ, ਵਿਸਾਖੀ ਅਤੇ ਖਾਲਸਾ ਸਿਰਜਣ ਨੂੰ ਸਮਰਪਿਤ | ਈ-ਦੀਵਾਨ ਕੈਲਗਰੀ ਵਲੋਂ | 32 |
| 17 | Are we forgetting to write ? | S. Ransher Raj Singh | 36 |
| 18 | ਇਸ ਅੰਕ ਦੇ ਲੇਖਕਾਂ ਬਾਰੇ ਜਾਣਕਾਰੀ | ਐਡੀਟੋਰੀਅਲ ਬੋਰਡ | 38 |
| 19 | ਲੇਖਕਾਂ ਲਈ ਜ਼ਰੂਰੀ ਜਾਣਕਾਰੀ | ਐਡੀਟੋਰੀਅਲ ਬੋਰਡ | 39 |
| 20 | ਐਡੀਟੋਰੀਅਲ ਬੋਰਡ ਅਤੇ ਸਲਾਹਕਾਰ | ਸਾਂਝੀ ਵਿਰਾਸਤ | 40 |

## ਸੰਪਾਦਕੀ ਨੋਟ (1-ਵਿਸਾਖ 557 / 14-ਅਪ੍ਰੈਲ 2025 ਅੰਕ)

ਮੂਲ ਨਾਨਕਸ਼ਾਹੀ ਕੈਲੰਡਰ ਅਨੁਸਾਰ ਵੈਸਾਖ ਦਾ ਮਹੀਨਾ 14 ਅਪ੍ਰੈਲ ਤੋਂ ਸ਼ੁਰੂ ਹੁੰਦਾ ਹੈ। ਪਹਿਲੀ ਵੈਸਾਖ (ਵਿਸਾਖੀ) ਦੇ ਦਿਨ ਗੁਰੂ ਨਾਨਕ ਸਾਹਿਬ ਦਾ ਪ੍ਰਕਾਸ਼ ਪੁਰਬ ਹੈ। ਵਿਸਾਖੀ 1699 ਵਿਚ ਗੁਰੂ ਗੋਬਿੰਦ ਸਿੰਘ ਸਾਹਿਬ ਨੇ 'ਖਾਲਸਾ ਪੰਥ' ਸਾਜਿਆ ਸੀ। ਤਿੰਨ ਵੈਸਾਖ (16 ਅਪ੍ਰੈਲ) ਨੂੰ ਦੂਜੇ ਅਤੇ ਅਠਵੇਂ ਗੁਰੂ ਸਾਹਿਬਾਨ ਦੇ ਜੋਤੀ ਜੋਤਿ ਸਮਾਵਣ ਅਤੇ ਤੀਜੇ ਅਤੇ ਨੌਵੇਂ ਸਤਿਗੁਰਾਂ ਦਾ ਗੁਰ-ਗੱਦੀ ਦਿਨ ਹੈ। ਪੰਜ ਵੈਸਾਖ (18 ਅਪ੍ਰੈਲ) ਨੂੰ ਦੂਜੇ ਅਤੇ ਨੌਵੇਂ ਪਾਤਸ਼ਾਹਾਂ ਦੇ ਪ੍ਰਕਾਸ਼ ਪੁਰਬ ਹਨ।

18 ਅਪ੍ਰੈਲ 1982 ਨੂੰ ਪੁਰਾਣਾ British North American Act of 1867 ਬਦਲ ਕੇ ਨਵਾਂ Constitutional Act ਬਣਿਆ ਸੀ ਜਿਸ ਨਾਲ ਕੈਨੇਡਾ ਨੂੰ ਸਾਰੇ ਮੁੱਢਲੇ ਨਾਗਰਿਕ ਅਧਿਕਾਰ ਮਿਲ ਗਏ। ਅਪ੍ਰੈਲ ਨੂੰ ਕੈਨੇਡਾ ਵਿਚ ਬਤੌਰ Sikh Heritage Month ਦੇ ਮਨਾਇਆ ਜਾਂਦਾ ਹੈ। ਅਮਰੀਕਾ ਵਿਚ 14 ਅਪ੍ਰੈਲ ਸਿੱਖ ਵਿਰਾਸਤ ਦਾ ਦਿਨ ਹੈ। ਸੱਤ ਅਪ੍ਰੈਲ World Health Day, 22 ਅਪ੍ਰੈਲ Earth Day ਅਤੇ 23 ਅਪ੍ਰੈਲ World Book and Copyright Day ਦੇ ਤੌਰ ਤੇ ਮਨਾਏ ਜਾਂਦੇ ਹਨ। ਵਿਸਾਖੀ 1919 ਨੂੰ ਜੱਲਿਆਂਵਾਲੇ ਬਾਗ ਅਮ੍ਰਿਤਸਰ ਵਿਚ ਅੰਗਰੇਜ਼ ਹਕੂਮਤ ਨੇ ਗੋਲੀਆਂ ਦੀਆਂ ਬੁਛਾਰਾਂ ਨਾਲ ਹਜ਼ਾਰਾਂ ਨਿਹੱਥੇ, ਬੇਕਸੂਰ ਅਤੇ ਸ਼ਾਂਤਮਈ ਪੰਜਾਬੀਆਂ ਨੂੰ ਮਾਰ ਦਿੱਤਾ ਸੀ ਕਿਉਂਕਿ ਉਹ ਭਾਰਤ ਦੀ ਆਜ਼ਾਦੀ ਲਈ ਪ੍ਰਦਰਸ਼ਨ ਕਰ ਰਹੇ ਸਨ।

ਇਸ ਬਾਰੇ 27 ਮਾਰਚ 2025 ਨੂੰ ਬ੍ਰਿਟਿਸ਼ ਪਾਰਲੀਆਮੈਂਟ ਵਿਚ ਸਰਕਾਰ ਤੋਂ ਮੁਆਫ਼ੀ ਮੰਗਣ ਲਈ ਆਵਾਜ਼ ਉਠਾਈ ਗਈ ਸੀ। ਇਸ ਵਿਚ ਕੀਤੀ ਗਈ ਸਪੀਚ ਦੀ ਵੀਡੀਓ ਹੇਠਾਂ ਦਿੱਤੇ ਲਿੰਕ ਤੇ ਦੇਖੀ ਜਾ ਸਕਦੀ ਹੈ।

https://x.com/bobblackman/status/1905319407791862115?s=46&t=vHEhCZYd8FBk4P2Xzx1fFg

ਈ-ਦੀਵਾਨ ਸੋਸਾਇਟੀ, ਕੈਲਗਰੀ, ਵਲੋਂ ਵਿਸਾਖੀ ਤੇ 'ਖਾਲਸਾ ਸਾਜਨਾ' ਅਤੇ 'ਗੁਰੂ ਨਾਨਕ ਸਾਹਿਬ ਦੇ ਪ੍ਰਕਾਸ਼' ਨੂੰ ਸਮਰਪਿਤ ਦੋ ਅੰਤਰ-ਰਾਸ਼ਟ੍ਰੀ (ਜ਼ੂਮ ਤੇ) ਕਵੀ ਦਰਬਾਰ ਕਰਵਾਏ ਗਏ। ਇੱਕ ਵਿਚ ਵਿਸ਼ਵ-ਪ੍ਰਸਿੱਧ ਕਵੀਆਂ ਨੇ ਆਪਣੀਆਂ ਲਿਖੀਆਂ ਰਚਨਾਵਾਂ ਸੁਣਾ ਕੇ ਸਰੋਤਿਆਂ ਨੂੰ ਇਤਿਹਾਸ ਦੀ ਯਾਦ ਦਵਾਈ। ਦੂਜੇ ਵਿਚ ਬੱਚਿਆਂ ਨੇ ਸ਼ਬਦ ਪੜ੍ਹੇ ਅਤੇ ਕਵਿਤਾਵਾਂ ਸੁਣਾਈਆਂ। ਇਨ੍ਹਾਂ ਦੀਆਂ ਦੋ ਵੀਡੀਓ ਹੇਠਾਂ ਦਿੱਤੇ ਲਿੰਕ ਤੇ ਹਨ।

ਪ੍ਰੋਫੈਸਰ ਡਾ. ਸੁਰਜੀਤ ਸਿੰਘ ਭੱਟੀ,
ਮੁੱਖ ਸੰਪਾਦਕ, ਕੈਲਗਰੀ (ਕੈਨੇਡਾ)
surjitsinghbhatti@gmail.com

https://youtu.be/CF-i3-9KFGk?si=QM7Y40DNimfAfGki

https://youtu.be/5R6sCtPjzJ4

## ਵਿਸਾਖ ਮਹੀਨੇ ਦਾ ਪਾਠ ਅਤੇ ਉਸ ਦੀ ਵਿਆਖਿਆ

ਬਾਰਹ ਮਾਹਾ ਮਾਂਝ ਮਹਲਾ ੫ ਘਰੁ ੪॥ ੧ੴ ਸਤਿਗੁਰ ਪ੍ਰਸਾਦਿ॥

ਵੈਸਾਖਿ ਧੀਰਨਿ ਕਿਉ ਵਾਢੀਆ ਜਿਨਾ ਪ੍ਰੇਮ ਬਿਛੋਹੁ॥ ਹਰਿ ਸਾਜਨੁ ਪੁਰਖੁ ਵਿਸਾਰਿ ਕੈ ਲਗੀ ਮਾਇਆ ਧੋਹੁ ॥ ਪੁਤ੍ਰ ਕਲਤ੍ਰ ਨ ਸੰਗਿ ਧਨਾ ਹਰਿ ਅਵਿਨਾਸੀ ਓਹੁ ॥ ਪਲਚਿ ਪਲਚਿ ਸਗਲੀ ਮੁਈ ਝੂਠੈ ਧੰਧੈ ਮੋਹੁ ॥ ਇਕਸੁ ਹਰਿ ਕੇ ਨਾਮ ਬਿਨੁ ਅਗੈ ਲਈਅਹਿ ਖੋਹਿ ॥ ਦਯੁ ਵਿਸਾਰਿ ਵਿਗੁਚਣਾ ਪ੍ਰਭ ਬਿਨੁ ਅਵਰੁ ਨ ਕੋਇ ॥ ਪ੍ਰੀਤਮ ਚਰਣੀ ਜੋ ਲਗੇ ਤਿਨ ਕੀ ਨਿਰਮਲ ਸੋਇ ॥ ਨਾਨਕ ਕੀ ਪ੍ਰਭ ਬੇਨਤੀ ਪ੍ਰਭ ਮਿਲਹੁ ਪਰਾਪਤਿ ਹੋਇ ॥ ਵੈਸਾਖੁ ਸੁਹਾਵਾ ਤਾਂ ਲਗੈ ਜਾ ਸੰਤੁ ਭੇਟੈ ਹਰਿ ਸੋਇ ॥

ਮਨੁੱਖ (ਜੀਵ-ਇਸਤ੍ਰੀ) ਨੂੰ ਵੈਸਾਖ ਰੂਪੀ ਜੀਵਨ ਵਿਚ ਖ਼ੁਸ਼ੀ ਦੀ ਤਲਾਸ਼ ਹੈ। ਖ਼ੁਸ਼ੀ ਪ੍ਰਾਪਤੀ ਦੇ ਦੋ ਮਾਰਗ ਹਨ, ਸੰਸਾਰਕ ਤੇ ਅਧਿਆਤਮਕ। ਜੀਵ ਨੇ ਸੱਚਾ ਮਾਰਗ ਛੱਡ ਕੇ ਸੰਸਾਰਕ ਖ਼ੁਸ਼ੀਆਂ ਦਾ ਸਾਧਨ ਮਾਇਆ ਚੁਣ ਲਿਆ। ਜੀਵ ਨੂੰ ਇਹ ਮਾਰਗ ਸੁਖੈਨ ਲਗਦਾ ਹੈ। ਉਹ ਆਪਣੇ ਪਰਵਾਰ, ਇਸਤ੍ਰੀ, ਪੁੱਤਰ ਤੇ ਧਨ ਪਦਾਰਥਾਂ ਨਾਲ ਜੁੜਿਆ ਰਹਿੰਦਾ ਹੈ। ਇਸ ਝੂਠੇ ਮੋਹ ਤੋਂ ਉਸ ਨੂੰ ਖ਼ੁਸ਼ੀ ਨਹੀਂ ਮਿਲਦੀ, ਸਗੋਂ ਮਨੁੱਖ ਆਪਣਾ ਜੀਵਨ ਬਰਬਾਦ ਕਰ ਲੈਂਦਾ ਹੈ। ਖੁਸ਼ੀ ਤੇ ਸੁਖਾਂ ਦੇ ਸੋਮੇ ਹਰਿ ਦੇ ਨਾਮ ਨੂੰ ਭੁੱਲ ਕੇ ਜਿਹੜੇ ਸੁਖਾਂ ਲਈ ਉਹ ਝੂਠੇ ਧੰਦੇ ਕਰਦਾ ਰਿਹਾ ਉਹ ਸਾਰੇ ਮੌਤ ਤੋਂ ਪਹਿਲਾਂ ਹੀ ਉਸ ਪਾਸੋਂ ਖੋਹੇ ਜਾਂਦੇ ਹਨ।

ਜੀਵ-ਇਸਤ੍ਰੀ ਨੇ ਪ੍ਰਭੁ ਪ੍ਰੇਮ ਦਾ ਸੱਚਾ ਮਾਰਗ ਨਹੀਂ ਚੁਣਿਆ। ਉਸ ਦੀ ਪ੍ਰਭੂ ਪਤੀ ਨਾਲ ਸਾਂਝ ਨਹੀ ਬਣੀ ਤਾਂ ਉਸਨੂ ਧੀਰਜ ਕਿਵੇਂ ਆਵੇ। ਪ੍ਰਭੂ-ਪਤੀ ਨੂੰ ਭੁੱਲ ਕੇ ਖੁਆਰੀ ਹੀ ਹੁੰਦੀ ਹੈ ਕਿਉਂਕਿ ਉਸ ਦਾ ਕੋਈ ਹੋਰ ਵਾਰਸ ਨਹੀਂ।

ਪ੍ਰਭੂ ਦੇ ਚਰਣੀ ਲੱਗਣ ਵਾਲਿਆਂ ਨੂੰ ਸੰਸਾਰ ਵਿਚ ਵਡਿਆਈ ਮਿਲਦੀ ਹੈ। ਸਤਿਗੁਰੂ ਬੇਨਤੀ ਕਰਦੇ ਹਨ ਕਿ ਹੇ ਪ੍ਰਭੂ! ਜੀਵਾਂ ਨੂੰ ਅੰਤਰ-ਆਤਮੇ ਆਪਣਾ ਮਿਲਾਪ ਬਖਸ਼ੋ ਤਾਂ ਜੋ ਉਨ੍ਹਾਂ ਦਾ ਵੈਸਾਖ ਰੂਪੀ ਜੀਵਨ ਗੁਰੂ ਦੇ ਮਿਲਾਪ ਨਾਲ ਸੁਭਾਇਮਾਨ ਹੋ ਜਾਵੇ ।



ਪ੍ਰੋਫੈਸਰ ਸਰਦਾਰ ਮਨਿੰਦਰ ਸਿੰਘ

ਐਡਮਿੰਟਨ (ਕੈਨੇਡਾ)

ਗੁਰੂ ਨਾਨਕ ਸਾਹਿਬ ਦਵਾਰਾ ਰਚਿਤ
ਬਾਰਹ ਮਾਹਾ ਤੁਖਾਰੀ ਛੰਤ ਵਿੱਚੋਂ ਵੈਸਾਖ ਮਹੀਨੇ ਦਾ ਪਾਠ
ਅਤੇ ਉਸ ਦਾ ਭਾਵ-ਅਰਥ

ਤੁਖਾਰੀ ਛੰਤ ਮਹਲਾ ੧ ਬਾਰਹ ਮਾਹਾ॥

ੴ ਸਤਿਗੁਰ ਪ੍ਰਸਾਦਿ॥

ਵੈਸਾਖੁ ਭਲਾ ਸਾਖਾ ਵੇਸ ਕਰੇ ॥
ਧਨ ਦੇਖੈ ਹਰਿ ਦੁਆਰਿ ਆਵਹੁ ਦਇਆ ਕਰੇ ॥
ਘਰਿ ਆਉ ਪਿਆਰੇ ਦੁਤਰ ਤਾਰੇ ਤੁਧੁ ਬਿਨੁ ਅਢੁ ਨ ਮੋਲੋ ॥
ਕੀਮਤਿ ਕਉਣ ਕਰੇ ਤੁਧੁ ਭਾਵਾਂ ਦੇਖਿ ਦਿਖਾਵੈ ਢੋਲੋ ॥
ਦੂਰਿ ਨ ਜਾਨਾ ਅੰਤਰਿ ਮਾਨਾ ਹਰਿ ਕਾ ਮਹਲੁ ਪਛਾਨਾ ॥
ਨਾਨਕ ਵੈਸਾਖੀਂ ਪ੍ਰਭੁ ਪਾਵੈ ਸੁਰਤਿ ਸਬਦਿ ਮਨੁ ਮਾਨਾ ॥੬॥

***

ਭਾਵ-ਅਰਥ
ਇੰਜੀਨੀਅਰ ਸਰਦਾਰ ਕਰਮਜੀਤ ਸਿੰਘ ਨੂਰ

ਬਾਰਹ ਮਾਹਾ ਤੁਖਾਰੀ ਵਿੱਚ ਗੁਰੂ ਨਾਨਕ ਦੇਵ ਜੀ ਵੈਸਾਖ ਮਹੀਨੇ ਨੂੰ ਆਧਾਰ ਬਣਾ ਕੇ ਉਪਦੇਸ਼ ਬਖਸ਼ਿਸ਼ ਕਰ ਰਹੇ ਹਨ ਕਿ ਵੈਸਾਖ ਦੇ ਮਹੀਨੇ ਵਿੱਚ ਕੁਦਰਤ ਇਸ ਤਰਾਂ ਆਪਣਾ ਰੰਗ ਰੂਪ ਸ਼ਿੰਗਾਰਦੀ ਹੈ, ਦਰਖਤਾਂ ਦੀਆਂ ਟਾਹਣੀਆਂ ਤੇ ਨਵੇਂ ਪੱਤੇ ਫੁੱਟਦੇ ਹਨ, ਹਰ ਪਾਸੇ ਹਰਿਆਵਲ ਹੀ ਹਰਿਆਵਲ ਨਜ਼ਰ ਆਉਂਦੀ ਹੈ, ਜਿਸ ਤਰ੍ਹਾਂ ਕੋਈ ਸੱਜ ਵਿਆਹੀ ਦੁਲਹਨ ਨਵੇਂ ਕੱਪੜੇ ਬਦਲ ਕੇ ਸੱਜਦੀ ਹੈ। ਇਸੇ ਤਰ੍ਹਾਂ ਇੱਕ ਜੀਵ-ਇਸਤ੍ਰੀ ਆਪਣੇ ਪ੍ਰਭੂ ਪਤੀ ਨੂੰ ਮਿਲਣ ਦੀ ਤਾਂਘ ਲੈ ਕੇ ਅਰਜੋਈ ਕਰਦੀ ਹੈ ਕਿ ਗੁਰੂ ਮੈਨੂੰ ਪ੍ਰਭੂ ਪਤੀ ਨਾਲ ਮਿਲਾ ਦੇਵੇ। ਗੁਰੂ ਨਾਨਕ ਦੇਵ ਜੀ ਫੁਰਮਾਨ ਕਰਦੇ ਹਨ ਕਿ ਵੈਸਾਖ ਦੀ ਇਸ ਪਿਆਰੀ ਰੁੱਤ ਵਿੱਚ ਉਸ ਜੀਵ ਇਸਤ੍ਰੀ ਦਾ ਪ੍ਰਭੂ ਪਤੀ ਨਾਲ ਮਿਲਾਪ ਹੋ ਜਾਂਦਾ ਹੈ, ਜਿਸ ਦੀ ਸੁਰਤ ਸ਼ਬਦ ਵਿੱਚ ਲੀਨ ਹੋ ਜਾਵੇ ਅਤੇ ਜਿਸ ਦਾ ਮਨ ਇਹ ਮੰਨ ਲਵੇ ਕਿ ਪ੍ਰਭੂ ਪਤੀ ਉਸਦੇ ਅੰਦਰ ਹੀ ਹੈ, ਕਿਤੇ ਦੂਰ ਨਹੀਂ ਹੈ।

## ਵੈਸਾਖ ਮਹੀਨੇ ਦੇ ਪਾਠ ਦੀ

## ਕਾਵਿਕ ਵਿਆਖਿਆ

ਇੰਜੀਨੀਅਰ ਸਰਦਾਰ ਕਰਮਜੀਤ ਸਿੰਘ ਨੂਰ, ਜਲੰਧਰ

ਕਿੰਨੀ ਸੋਹਣੀ ਰੁੱਤ ਹੈ ਮਹੀਨਾ ਇਹ ਵਿਸਾਖ ਦਾ।
ਰੰਗ ਰੂਪ ਖਿੜਦਾ ਹੈ ਇੱਕ ਇੱਕ ਸ਼ਾਖ ਦਾ।
ਕੁਦਰਤ ਰਾਣੀ ਰੂਪ ਆਪਣਾ ਨਿਖਾਰਦੀ।
ਸੱਜ ਵਿਆਹੀ ਜਿਵੇਂ ਤਨ ਨੂੰ ਸ਼ਿੰਗਾਰਦੀ।

ਜਿਵੇਂ ਕੋਈ ਤੀਂਵੀਂ ਰਾਹ ਪਤੀ ਦਾ ਨਿਹਾਰਦੀ।
ਜੀਵ ਇਸਤ੍ਰੀ ਹੈ ਪ੍ਰਭੂ ਪਤੀ ਨੂੰ ਪੁਕਾਰਦੀ।
ਘਰ ਆ ਜਾ ਪਿਆਰੇ ਮੈਨੂੰ ਆਣ ਕੇ ਦੀਦਾਰ ਦੇਹ।
ਬਿਖਮ ਸੰਸਾਰ ਭਵ ਸਾਗਰ ਤੋਂ ਤਾਰ ਦੇਹ।

ਤੇਰੇ ਤੋਂ ਬਗੈਰ ਮੇਰਾ ਅੱਧੀ ਕੌਡੀ ਮੁੱਲ ਨਹੀਂ।
ਭਾਅ ਜਾਵਾਂ ਤੈਨੂੰ, ਕੋਈ ਮੁੱਲ ਉਹਦੇ ਤੁੱਲ ਨਹੀਂ।
ਕਰੇ ਜੋ ਦੀਦਾਰ ਉਹਦਾ, ਮੈਨੂੰ ਵੀ ਕਰਾ ਦਵੇ।
ਮੇਰੀ ਵੀ ਬੇਕਦਰੀ ਦੀ ਕਦਰ ਪੁਆ ਦਵੇ।

ਫੇਰ ਤਾਂ ਮੈਂ ਉਸ ਦੇ ਟਿਕਾਣੇ ਨੂੰ ਪਛਾਣ ਲਾ।
ਦੂਰ ਨਹੀਂ, ਅੰਦਰ ਹੈ, ਮੰਨ ਲਾ ਤੇ ਜਾਣ ਲਾਂ।

ਜੀਵ ਇਸਤ੍ਰੀ ਜੋ ਕੰਤ ਪਤੀ ਨੂੰ ਰਿਝਾ ਲਵੇ।
ਉਹਦੇ ਸ਼ਬਦ ਵਿੱਚ ਜਿਹੜੀ ਸੁਰਤ ਨੂੰ ਟਿਕਾ ਲਵੇ ।
ਸੁਰਤ ਨੂੰ ਟਿਕਾ ਲਵੇ ਤੇ ਮਨ ਨੂੰ ਮਨਾ ਲਵੇ।
ਨਾਨਕ ਵੈਸਾਖ 'ਚ ਉਹ ਪ੍ਰਭੂ ਤਾਂਈਂ ਪਾ ਲਵ।



# ਆ ਨੀ ਵਿਸਾਖੀਏ (ਗੀਤ)

ਸਰਦਾਰਨੀ ਗੁਰਦੀਸ਼ ਕੌਰ ਦੀਸ਼, ਕੈਲਗਰੀ (ਕੈਨੇਡਾ)
ਵਟਸਐਪ ਸੰਪਰਕ : +91 98728 60488



ਆ ਨੀ ਵਿਸਾਖੀਏ, ਤੂੰ ਆ ਨੀ ਵਿਸਾਖੀਏ।
ਖਾਲਸੇ ਦੀ ਬਾਤ ਕੋਈ, ਸੁਣਾ ਨੀ ਵਿਸਾਖੀਏ।

ਪੰਜੇ ਨੇ ਪਿਆਰੇ ਵਿੱਚੋਂ, ਵੱਖ ਵੱਖ ਜਾਤਾਂ ਦੇ।
ਗੋਬਿੰਦ ਚਲਾਏ ਦੇਖੋ, ਰਾਜ ਪੰਚਾਇਤਾਂ ਦੇ।
ਜਾਤ ਪਾਤ ਭੇਦ ਨੂੰ, ਮਿਟਾ ਨੀ ਵਿਸਾਖੀਏ।
ਆ.......

ਆਪੇ ਗੁਰੂ ਆਪੇ ਹੀ ਉਹ, ਬਣ ਬੈਠਾ ਚੇਲਾ ਏ।
ਗੁਰੂ ਅਤੇ ਚੇਲੇ ਵਿੱਚ, ਰਿਹਾ ਨਾ ਝਮੇਲਾ ਏ।
ਏਹੋ ਜਿਹਾ ਸਭ ਨੂੰ, ਬਣਾ ਨੀ ਵਿਸਾਖੀਏ।
ਆ.......

ਸੀਸ ਭੇਟ ਕਰ ਜਿਹਨਾਂ, ਆਪਾ ਏ ਮਿਟਾ ਲਿਆ।
ਸਿੰਘ ਸਜ ਇੱਕ ਇੱਕ, ਲੱਖਾਂ ਨੂੰ ਮੁਕਾ ਲਿਆ।
ਮੁੜ ਓਹੀ ਸ਼ਕਤੀ, ਜਗਾ ਨੀ ਵਿਸਾਖੀਏ।
ਆ........

ਗੋਬਿੰਦ ਗੁਲਾਮੀ ਵਾਲਾ, ਜੂਲਾ ਗਲੋਂ ਲਾਹ ਗਿਆ।
ਸੁੱਤੀ ਹੋਈ ਕੌਮ ਨੂੰ, ਝੰਜੋੜ ਕੇ ਜਗਾ ਗਿਆ।
ਐਸਾ ਮੁੜ ਬਿਗਲ, ਵਜਾ ਨੀ ਵਿਸਾਖੀਏ।
ਆ.........

ਸਿੰਘ ਸਜ ਗੁਰੂ ਦੀਆਂ, ਖੁਸ਼ੀਆਂ ਨੂੰ ਮਾਣੀਏਂ।
ਬਾਣੀ ਅਤੇ ਬਾਣੇ ਦੀ, ਕਦਰ 'ਦੀਸ਼' ਜਾਣੀਏਂ।
ਖੰਡੇ ਵਾਲੀ ਪਾਹੁਲ, ਵਰਤਾ ਨੀ ਵਿਸਾਖੀਏ।
ਆ......

## ਨਾਨਕ ਅੰਮ੍ਰਿਤ ਏਕ ਹੈ ਦੂਜਾ ਅੰਮ੍ਰਿਤ ਨਾਹਿ॥

ਸਰਦਾਰ ਜਸਵਿੰਦਰ ਸਿੰਘ ਰੁਪਾਲ, ਕੈਲਗਰੀ (ਕੈਨੇਡਾ)

ਅੰਮ੍ਰਿਤ ਬਾਰੇ ਵਿਚਾਰ ਕਰਨ ਤੋਂ ਪਹਿਲਾਂ ਇਸ ਦੇ ਅਰਥ ਵਾਚਣੇ ਜਰੂਰੀ ਹਨ। ਇਸ ਦੀਆਂ ਪਰਿਭਾਸ਼ਾਵਾ ਅਤੇ ਮੂਲ ਦੇ ਸੰਕਲਪ ਨੂੰ ਸਮਝਣ ਦਾ ਯਤਨ ਕਰਦੇ ਹਾਂ। ਮਹਾਨ ਕੋਸ਼ ਵਿੱਚ ਭਾਈ ਕਾਹਨ ਸਿੰਘ ਜੀ ਨਾਭਾ ਨੇ ਕਈ ਅਰਥ ਦਿੱਤੇ ਹਨ : ਮੱਖਣ, ਦੁੱਧ, ਅਮ੍ਰਿਤਯ-ਮੌਤ ਤੋਂ ਬਿਨਾਂ, ਅਮਰ, ਮਧੁਰ-ਮਿਠਾਸ ਸਹਿਤ, ਵਾਹਿਗੁਰੂ ਨਾਮ। ਅੰਮ੍ਰਿਤ ਇੱਕ ਅਜਿਹਾ ਪੀਣ ਵਾਲਾ ਪਦਾਰਥ ਮੰਨਿਆ ਗਿਆ ਹੈ, ਜਿਸ ਨੂੰ ਪੀ ਕੇ ਅਮਰ ਹੋ ਜਾਈਦਾ ਹੈ।

ਪੁਰਾਣਾਂ ਅਨੁਸਾਰ ਸਮੁੰਦਰ ਰਿੜਕਣ ਤੇ ਨਿਕਲੇ 14 ਰਤਨਾਂ ਵਿਚੋਂ ਇੱਕ ਅੰਮ੍ਰਿਤ ਵੀ ਸੀ। ਹਿੰਦੂ ਮਿਥਿਹਾਸ ਅਨੁਸਾਰ ਇਸ ਨੂੰ ਪੀਣ ਨਾਲ ਹੀ ਦੇਵਤੇ ਅਮਰ ਹੋ ਗਏ। ਯੂਨਾਨੀ ਅਤੇ ਪੱਛਮੀ ਮਿਥਿਹਾਸ ਅਨੁਸਾਰ ਵਿਚ ਵੀ ਇਸੇ ਤਰਾਂ ਦੇ ਅੰਮ੍ਰਿਤ ਦਾ ਜ਼ਿਕਰ ਹੈ, ਜਿਸ ਨੂੰ ਆਬੇ-ਹਯਾਤ ਕਿਹਾ ਗਿਆ ਹੈ। ਸਿੱਖ ਧਰਮ ਅਨੁਸਾਰ ਅੰਮ੍ਰਿਤ ਕੋਈ ਅਜਿਹੀ ਚੀਜ ਨਹੀਂ ਜਿਸ ਨੂੰ ਪੀ ਕੇ ਅਮਰ ਹੋ ਸਕਦਾ ਹੋਵੇ ਜਾਂ ਜਨਮ-ਮਰਣ ਤੋਂ ਮੁਕਤੀ ਮਿਲਦੀ ਹੋਵੇ। ਪ੍ਰੰਤੂ ਇਸ ਪਦ ਨੂੰ ਚਿੰਨ੍ਹਾਤਮਕ ਰੂਪ ਵਿੱਚ ਵਰਤਿਆ ਗਿਆ ਹੈ। ਇਹ ਜੀਵ ਤੋਂ ਬਾਹਰ ਨਹੀਂ, ਸਗੋਂ ਉਸ ਦੇ ਅੰਦਰ ਹੀ ਹੈ।

ਸਭਿ ਰਸ ਦੇਹੀ ਅੰਦਰਿ ਪਾਏ॥ ਵਿਰਲੇ ਕਉ ਗੁਰੁ ਸਬਦੁ ਬੁਝਾਏ॥ ਅੰਦਰੁ ਖੋਜੇ ਸਬਦੁ ਸਾਲਾਹੇ ਬਾਹਰਿ ਕਾਹੇ ਜਾਹਾ ਹੇ॥ (ਮਾਰੂ ਮਹਲਾ ੩, ਪੰਨਾ ੧੦੫੬)।



ਇਸੇ ਤਰਾਂ : ਨਾਨਕ ਅੰਮ੍ਰਿਤੁ ਮਨੈ ਮਾਹਿ ਪਾਈਐ ਗੁਰ ਪਰਸਾਦਿ॥ ਤਿਨੀ ਪੀਤਾ ਰੰਗ ਸਿਉ ਜਿਨ ਕਉ ਲਿਖਿਆ ਆਦਿ॥ (ਸਲੋਕ ਮਹਲਾ ੨, ਪੰਨਾ ੧੨੩੮)।

ਗੁਰਬਾਣੀ ਵਿੱਚ ਅੰਮ੍ਰਿਤ ਨੂੰ ਅਨੇਕਾਂ ਵਾਰ ਨਾਮ ਦੇ ਸਮਾਨਾਰਥਕ ਮੰਨਿਆ ਹੈ। ਇਹ ਨਾਮ ਦਾ ਅੰਮ੍ਰਿਤ ਹੈ ਜਿਸ ਨੂੰ ਪੀਣ ਨਾਲ ਭੁੱਖਾਂ ਤ੍ਰੇਹਾਂ ਖਤਮ ਹੁੰਦੀਆਂ ਹਨ। ਗੁਰੂ ਗੋਬਿੰਦ ਸਿੰਘ ਜੀ ਵੱਲੋਂ 1699 ਈ: ਦੀ ਵਿਸਾਖੀ ਨੂੰ ਪੰਜ ਪਿਆਰਿਆਂ ਨੂੰ ਛਕਾਇਆ ਜਲ ਵੀ ਅੰਮ੍ਰਿਤ ਕਹਾਉਂਦਾ ਹੈ ਜਿਸ ਨੂੰ "ਖੰਡੇ ਦੀ ਪਾਹੁਲ" ਤੋਂ "ਖੰਡੇ ਦਾ ਅੰਮ੍ਰਿਤ" ਬਣਾ ਦਿੱਤਾ ਗਿਆ ਹੈ।

### ਗੁਰਬਾਣੀ ਦਾ ਅੰਮ੍ਰਿਤ

ਗੁਰੂ ਗ੍ਰੰਥ ਸਾਹਿਬ ਜੀ ਸਾਡੇ ਗੁਰੂ ਹਨ ਅਤੇ ਸਾਡੇ ਜਾਨ ਅਤੇ ਪ੍ਰਾਣ ਹਨ।

ਗੁਰਬਾਣੀ ਦਾ ਹਰ ਸ਼ਬਦ ਗੁਰਸਿੱਖ ਲਈ ਹੁਕਮ ਹੈ। ਹੋਰ ਕੋਈ ਸਰੋਤ, ਵਿਅਕਤੀ, ਸੰਸਥਾ ਦੀ ਪ੍ਰਮਾਣਿਕਤਾ ਤੇ ਸ਼ੱਕ ਹੋ ਸਕਦਾ ਹੈ, ਪਰ ਬਾਣੀ ਜੋ ਗੁਰੂ ਸਾਹਿਬ ਨੇ ਆਪਣੇ ਜੀਵਨ ਕਾਲ ਵਿਚ ਆਪੇ ਸਾਨੂੰ ਸੌਂਪੀ ਹੈ, ਉਸ ਤੇ ਕਿਸੇ ਤਰਾਂ ਦੇ ਕਿੰਤੂ ਪ੍ਰੰਤੂ ਦੀ ਕੋਈ ਗੁੰਜਾਇਸ਼ ਨਹੀਂ। ਅਜੇ ਤੱਕ ਇਸ ਵਿੱਚ ਕੋਈ ਰਲਾ ਨਹੀਂ ਪਾਇਆ ਜਾ ਸਕਿਆ। ਵਿਚਾਰ ਦਾ ਕੇਂਦਰੀ ਧੁਰਾ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਹੈ। ਬਾਣੀ ਦੇ ਸਿਧਾਂਤ ਤੋਂ ਵਿਰੁੱਧ ਕੋਈ ਵੀ ਗੱਲ, ਭਾਵੇ ਉਹ ਕਿਸੇ ਵਿਦਵਾਨ ਨੇ ਕਹੀ ਹੋਵੇ, ਮੰਨਣਯੋਗ ਨਹੀਂ ਹੈ। ਕਸਵੱਟੀ ਸਿਰਫ ਗੁਰਬਾਣੀ ਹੀ ਹੈ। ਗੁਰਬਾਣੀ ਦੀ ਕਹੀ ਹੋਈ ਗੱਲ ਨੂੰ ਸੱਤ ਕਰਕੇ ਮੰਨਣਾ ਸਾਡੇ ਸਭ ਲਈ ਬਹੁਤ ਜਰੂਰੀ ਹੈ। ਕਿਉਂਕਿ:

ਵਾਹੁ ਵਾਹੁ ਬਾਣੀ ਨਿਰੰਕਾਰ ਹੈ ਤਿਸੁ ਜੇਵਡੁ ਅਵਰੁ ਨ ਕੋਇ॥(ਸਲੋਕ ਮਹਲਾ ੩, ਪੰਨਾ ੫੧੫) ਅਤੇ ਵਾਹੁ ਵਾਹੁ ਬਾਣੀ ਸਚੁ ਹੈ ਸਚਿ ਮਿਲਾਵਾ ਹੋਇ॥(ਸਲੋਕ ਮਹਲਾ ੩, ਪੰਨਾ ੫੧੪)। ਗੁਰਬਾਣੀ ਨੂੰ ਨਿਰੰਕਾਰ ਵੀ ਕਿਹਾ ਗਿਆ ਹੈ, ਧੁਰ ਕੀ ਜਾਂ ਖਸਮ ਕੀ ਬਾਣੀ ਸ਼ਬਦ ਵੀ ਹਨ। ਜੇ ਗੁਰਬਾਣੀ ਵਿਚ ਸਪਸ਼ਟ ਲਿਖਿਆ ਹੈ ਕਿ ਅੰਮ੍ਰਿਤ ਸਿਰਫ ਇੱਕ ਹੈ, ਦੂਜਾ ਅੰਮ੍ਰਿਤ ਹੋ ਹੀ ਨਹੀਂ ਸਕਦਾ, ਤਾਂ ਉਹ ਅੰਮ੍ਰਿਤ ਕਿਹੜਾ ਹੈ ?

ਗੁਰੂ ਗ੍ਰੰਥ ਸਾਹਿਬ ਜੀ ਵਿੱਚ ਅੰਮ੍ਰਿਤ ਸ਼ਬਦ ਲਗਭਗ 700 ਵਾਰੀ ਆਇਆ ਹੈ। ਭਾਵੇਂ ਕਈ ਥਾਵਾਂ ਤੇ ਜਲ, ਦੁੱਧ ਅਤੇ ਮਿੱਠੇ ਪਦਾਰਥਾਂ ਨੂੰ ਅੰਮ੍ਰਿਤ ਸ਼ਬਦ ਨਾਲ ਤੁਲਨਾ ਦੇ ਕੇ ਵਡਿਆਇਆ ਹੈ, ਪਰ ਬਹੁਤੇ ਥਾਵਾਂ ਤੇ ਪਰਮਾਤਮਾ ਦੇ ਨਾਮ ਨੂੰ ਅੰਮ੍ਰਿਤ ਕਿਹਾ ਗਿਆ ਹੈ। ਨਾਮ-ਅੰਮ੍ਰਿਤ ਤੋਂ ਬਿਨਾਂ ਕੋਈ ਵੀ ਹੋਰ ਵਸਤੂ ਨੂੰ ਅੰਮ੍ਰਿਤ ਮੰਨਿਆ ਜਾਣਾ ਠੀਕ ਨਹੀਂ ਹੈ, ਨਾਮ ਹੀ ਅੰਮ੍ਰਿਤ ਹੈ।

ਅੰਮ੍ਰਿਤੁ ਸਾਚਾ ਨਾਮੁ ਹੈ ਕਹਣਾ ਕਛੂ ਨ ਜਾਇ॥ (ਸਿਰੀ ਰਾਗੁ ਮਹਲਾ ੩, ਪੰਨਾ ੩੩), ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ॥ (ਗਉੜੀ ਸੁਖਮਨੀ ਮਹਲਾ ੫, ਪੰਨਾ ੨੯੩), ਅੰਮ੍ਰਿਤ ਨਾਮੁ ਨਿਧਾਨੁ ਹੈ ਮਿਲਿ ਪੀਵਹੁ ਭਾਈ॥ (ਪਉੜੀ, ਪੰਨਾ ੩੧੮), ਅੰਮ੍ਰਿਤੁ ਹਰਿ ਕਾ ਨਾਮੁ ਹੈ ਜਿਤੁ ਪੀਤੈ ਤਿਖ ਜਾਇ (ਸਲੋਕ ਮਹਲਾ ੩, ਪੰਨਾ ੧੨੮੩)।

ਸੈਂਕੜੇ ਅਜਿਹੇ ਫੁਰਮਾਨ ਗੁਰੂ ਗ੍ਰੰਥ ਸਾਹਿਬ ਵਿੱਚ ਮਿਲਦੇ ਹਨ, ਜਿਹਨਾਂ ਵਿੱਚ ਕਿਤੇ ਅੰਮ੍ਰਿਤ ਨੂੰ ਨਾਮ ਕਿਹਾ ਹੈ, ਕਿਤੇ ਨਾਮ ਨੂੰ ਅੰਮ੍ਰਿਤ ਅਤੇ ਕਿਤੇ ਨਾਮ-ਅੰਮ੍ਰਿਤ ਸ਼ਬਦ ਇੱਕਠਾ ਵਰਤਿਆ ਹੈ। ਗੁਰੂ ਸਾਹਿਬ ਅਤੇ ਹੋਰ ਬਾਣੀਕਾਰ ਪ੍ਰਭੂ ਦੇ ਨਾਮ ਨੂੰ ਹੀ ਅੰਮ੍ਰਿਤ ਨੂੰ ਅਮਰ ਕਰ ਦੇਣਾ ਵਾਲਾ, ਸਾਰੇ ਖਜ਼ਾਨਿਆਂ ਦਾ ਵੱਡਾ ਖਜਾਨਾ, ਸਾਰੇ ਰੋਗਾਂ ਦੀ ਇੱਕੋ ਇੱਕ ਦਵਾਈ, ਅਸਲੀ ਅਤੇ ਚਿਰ ਸਥਾਈ ਆਨੰਦ ਦੇਣ ਵਾਲਾ, ਕਦੇ ਨਾ ਮੁੱਕਣ ਵਾਲਾ, ਅਤੇ ਸਾਰੇ ਸੁੱਖਾਂ ਦਾ ਦਾਤਾ ਆਖਿਆ ਹੈ। ਇਸੇ ਨੂੰ ਸਦਾ ਧਿਆਉਣ ਅਤੇ ਜਪਣ ਲਈ ਤਾਕੀਦ ਵੀ ਕੀਤੀ ਹੈ। ਪਰ ਇਹ ਮਿਲਦਾ ਪਰਮਾਤਮਾ ਦੀ ਅਪਾਰ ਕਿਰਪਾ ਨਾਲ ਹੀ ਹੈ।

ਜਗਤ ਗੁਰੂ, ਗੁਰੂ ਨਾਨਕ ਦੇਵ ਜੀ ਨੇ ਜਿਨ੍ਹਾਂ ਨੂੰ ਸਿੱਖ ਧਰਮ ਦੇ ਸੰਸਥਾਪਕ ਕਿਹਾ ਜਾਂਦਾ ਹੈ, ਉਨ੍ਹਾਂ ਨੇ ਸਾਡੇ ਲਈ ਇੱਕ ਅੰਮ੍ਰਿਤ ਤਿਆਰ ਕੀਤਾ ਹੈ। ਜਪੁਜੀ ਸਾਹਿਬ ਵਿੱਚ ਦੱਸਦੇ ਹਨ ਕਿ ਜੇ ਜਤ ਨੂੰ ਭੱਠੀ, ਧੀਰਜ ਨੂੰ ਸੁਨਿਆਰ ਅਤੇ ਬੁੱਧੀ ਨੂੰ ਅਹਿਰਣ ਬਣਾ ਕੇ ਗਿਆਨ ਦੀਆਂ ਸੱਟਾਂ ਮਾਰੀਆਂ ਜਾਣ, ਪ੍ਰਭੂ ਦੇ ਨਿਰਮਲ ਭਉ ਨੂੰ ਧੌਂਕਣੀ ਅਤੇ ਤਪ ਦੀ ਅਗਨੀ ਹੋਵੇ ਤਾਂ ਪ੍ਰੇਮ ਦੇ ਭਾਂਡੇ ਵਿੱਚ ਅੰਮ੍ਰਿਤ ਪੈਦਾ ਹੁੰਦਾ ਹੈ। ਇਸ ਸੱਚੀ ਟਕਸਾਲ ਵਿੱਚ ਸ਼ਬਦ ਘੜਿਆ ਜਾਂਦਾ ਹੈ ਜੋ ਮਿਲਦਾ ਭਾਗਾਂ ਵਾਲਿਆਂ ਨੂੰ ਹੀ ਹੈ।

ਗੁਰਬਾਣੀ ਆਨੰਦ ਅਤੇ ਰਸ ਦੇਣ ਵਾਲੀ ਹੈ, ਇਸ ਨਾਲ ਜੁੜਿਆਂ ਵਿਕਾਰ ਖਤਮ ਹੁੰਦੇ ਹਨ, ਅਤੇ ਨਾਮ ਦੀ ਪ੍ਰਾਪਤੀ ਹੁੰਦੀ ਹੈ। ਇਹ ਪ੍ਰਾਪਤੀ ਸਾਨੂੰ ਆਤਮਕ ਤੌਰ ਤੇ ਅਮਰ ਕਰ ਦਿੰਦੀ ਹੈ। ਜਿਸ ਦੀ ਆਤਮਾ ਜਾਗ ਪਈ ਹੈ, ਜਿਸ ਨੇ ਆਪਣੇ ਵਿਕਾਰ ਖਤਮ ਕਰ ਲਏ ਉਹ ਪ੍ਰਭੂ ਦੀ ਜੋਤ ਨਾਲ ਇੱਕ-ਮਿੱਕ ਹੋ ਕੇ ਅਮਰ ਹੋ ਜਾਂਦਾ ਹੈ।

ਅੰਮ੍ਰਿਤ ਬਾਣੀ ਸਦਾ ਸਾਲਾਹੇ ਅੰਮ੍ਰਿਤਿ ਅੰਮ੍ਰਿਤੁ ਪਾਵਣਿਆ॥ ਹਉ ਵਾਰੀ ਜੀਉ ਵਾਰੀ ਅੰਮ੍ਰਿਤ ਬਾਣੀ ਮੰਨਿ ਵਸਾਵਣਿਆ॥ ਅੰਮ੍ਰਿਤ ਬਾਣੀ ਮੰਨਿ ਵਸਾਇ ੇਅੰਮ੍ਰਿਤੁ ਨਾਮ ਧਿਆਵਣਿਆ ॥ਰਹਾਉ॥(ਮਾਝ ਮਹਲਾ ੩, ਪੰਨਾ ੧੧੮), ਅਤੇ ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ॥ (ਨਟ ਮਹਲਾ ੪, ਪੰਨਾ ੯੮੨), ਗੁਰ ਕੀ ਸਾਖੀ ਅੰਮ੍ਰਿਤ ਬਾਣੀ ਪੀਵਤ ਹੀ ਪਰਵਾਣੁ ਭਇਆ॥ (ਆਸਾ ਮਹਲਾ ੧, ਪੰਨਾ ੩੬੦)।

## ਅੰਮ੍ਰਿਤ ਸ਼ਬਦ ਦੀ ਵਿਆਪਕ ਵਰਤੋਂ

ਗੁਰੂ ਗ੍ਰੰਥ ਸਾਹਿਬ ਵਿਚ ਅੰਮ੍ਰਿਤ ਸ਼ਬਦ ਬਹੁਤ ਵਾਰੀ ਵਰਤਿਆ ਗਿਆ ਹੈ। ਬਹੁਤ ਥਾਵਾਂ ਤੇ ਇਕੱਲਾ ਅਤੇ ਕੁਝ ਥਾਵਾਂ ਤੇ ਕਿਸੇ ਹੋਰ ਸ਼ਬਦ ਨਾਲ ਲੱਗ ਕੇ ਉਸ ਦੀ ਵਿਸ਼ੇਸ਼ਤਾ ਜਾਂ ਅਲੰਕਾਰ ਵਜੋਂ ਵੀ ਵਰਤਿਆ ਹੈ। ਕੁਝ ਅਜਿਹੇ ਸ਼ਬਦ, ਹਨ : ਅੰਮ੍ਰਿਤ-ਗੁਰੂ, ਅੰਮ੍ਰਿਤ-ਬਾਣੀ, ਅੰਮ੍ਰਿਤ-ਗਿਆਨ, ਅੰਮ੍ਰਿਤ-ਨਾਮੁ, ਅੰਮ੍ਰਿਤ-ਵੇਲਾ, ਅੰਮ੍ਰਿਤ-ਰਸ, ਅੰਮ੍ਰਿਤ-ਭੋਜਨ, ਅੰਮ੍ਰਿਤ-ਫਲ, ਅੰਮ੍ਰਿਤ-ਜਲ, ਅੰਮ੍ਰਿਤ-ਕੁੰਡ, ਅੰਮ੍ਰਿਤ-ਬਚਨ, ਅੰਮ੍ਰਿਤ-ਸਰ, ਅੰਮ੍ਰਿਤ-ਭਗਤੀ, ਅੰਮ੍ਰਿਤ-ਵਰਖਾ, ਅੰਮ੍ਰਿਤ-ਦ੍ਰਿਸ਼ਟੀ, ਅੰਮ੍ਰਿਤ-ਧਾਰ, ਅੰਮ੍ਰਿਤ-ਖਾਣਾ ਪੈਨਣਾ।

ਇਨ੍ਹਾਂ ਵਿਚੋਂ ਅੰਮ੍ਰਿਤ-ਜਲ, ਅੰਮ੍ਰਿਤ-ਕੁੰਡ, ਅੰਮ੍ਰਿਤ-ਵਰਖਾ ਅਤੇ ਅੰਮ੍ਰਿਤ-ਰਸ ਸ਼ਬਦ ਗੁਰ ਫੁਰਮਾਣ ਵਿਚਾਰਨੇ ਜਰੂਰੀ ਹਨ, ਕਿਉਂਕਿ ਇਹ ਪੀਣ ਵਾਲੇ ਅੰਮ੍ਰਿਤ ਨਾਲ ਰਲਦੇ ਮਿਲਦੇ ਹਨ। ਇਨ੍ਹਾਂ ਤੋਂ ਸਪਸ਼ਟ ਹੋ ਜਾਂਦਾ ਹੈ ਕਿ ਕਿਧਰੇ ਵੀ ਅੰਮ੍ਰਿਤ ਦੀ ਵਰਤੋਂ ਕਿਸੇ ਅਜਿਹੇ ਜਲ ਦੇ ਰੂਪ ਵਿੱਚ ਨਹੀਂ ਹੋਈ, ਜਿਸ ਨੂੰ ਪੀਣ ਨਾਲ ਇਨਸਾਨ ਅਮਰ ਹੋ ਜਾਂਦਾ ਹੋਵੇ। ਕਿਤੇ ਹਰਿ ਦੇ ਨਾਮ ਲਈ, ਕਿਤੇ ਹਰਿ ਦੇ ਗੁਣਾਂ ਲਈ, ਕਿਤੇ ਉਸਦੀ ਸਿਫਤ ਸਲਾਹ ਲਈ ਅਤੇ ਕਿਤੇ ਉਸ ਦੇ ਭਗਤਾਂ ਲਈ ਵੀ ਇਹ ਸ਼ਬਦ ਵਰਤਿਆ ਗਿਆ ਹੈ। ਬਹੁਤ ਅਨੰਦਮਈ ਅਵਸਥਾ ਨੂੰ ਬਿਆਨ ਕਰਦੇ ਹੋਏ ਵੀ ਅੰਮ੍ਰਿਤ ਪੀਣ ਦੇ ਸਮਾਨ ਕਿਹਾ ਹੈ।

## ਖੰਡੇ ਦੀ ਪਾਹੁਲ

ਨੋਟ ਕਰਨਯੋਗ ਹੈ ਕਿ ਇਤਿਹਾਸਕ ਸਰੋਤਾਂ ਅਨੁਸਾਰ ਗੁਰੂ ਗੋਬਿੰਦ ਸਿੰਘ ਜੀ ਨੇ 1699 ਦੀ ਵਿਸਾਖੀ ਤੇ ਖਾਲਸਾ ਪ੍ਰਗਟ ਕਰਨ ਸਮੇਂ "ਖੰਡੇ ਦੀ ਪਾਹੁਲ" ਛਕਾਈ ਸੀ। ਉਹ ਕਦੋਂ ਅਤੇ ਕਿਉਂ "ਅੰਮ੍ਰਿਤ ਛਕਾਇਆ" ਕਿਹਾ ਜਾਣ ਲੱਗ ਗਿਆ, ਵੱਖਰੀ ਖੋਜ ਦਾ ਵਿਸ਼ਾ ਹੈ। ਪੁਰਾਤਨ ਰਹਿਤਨਾਮੇ ਅਤੇ ਸਰੋਤਾਂ ਦੇ ਕੁਝ ਹਵਾਲੇ ਇਹ ਹਨ।

ਪ੍ਰਥਮ ਰਹਿਤ ਯਹਿ ਜਾਨ ਖੰਡੇ ਕੀ ਪਾਹੁਲ ਛਕੇ। ਸੋਈ ਸਿੰਘ ਪ੍ਰਧਾਨ ਅਵਰ ਨ ਪਾਹੁਲ ਜੋ ਲਏ।ਅਤੇ, ਖੰਡੇ ਕੀ ਪਾਹੁਲ ਬਿਨਾ ਕੇਸ ਰੱਖੇ ਸੋ ਭੇਖੀ (ਰਹਿਤਨਾਮਾ ਭਾਈ ਦੇਸਾ ਸਿੰਘ ਜੀ)। ਧਰਹਿ ਕੇਸ ਪਾਹੁਲ ਬਿਨਾਂ ਭੇਖੀ ਮੂੜਾ ਸਿਖ। ਮੇਰਾ ਦਰਸ਼ਨ ਨਾਹਿ ਤਿਸ ਪਾਪੀ ਤਿਆਗੇ ਭਿਖ। (ਰਹਿਤਨਾਮਾ ਭਾਈ ਸਾਹਿਬ ਸਿੰਘ ਜੀ)। ਗੁਰੂ ਕਾ ਸਿੱਖ ਪਾਹੁਲ ਲਏ ਜੂੜੇ ਸੰਪੂਰਨ ਹੋਏ ਤੋੜੀ।(ਭਾਈ ਚਉਪਾ ਸਿੰਘ ਜੀ ਛਿੱਬਰ)।

ਭੱਟ ਬਹੀ ਪਰਗਣਾ ਥਾਨੇਸਰ ਵਿੱਚ ਲ਼ਿਖਿਆ ਹੈ: ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਲ ਦਸਮਾ, ਬੇਟਾ ਗੁਰੂ ਤੇਗ ਬਹਾਦਰ ਜੀ ਕਾ, ਸਾਲ ਸਤ੍ਰ ਸੈ ਪਚਾਵਨ ਮੰਗਲਵਾਰ ਵੈਸਾਖੀ ਕੇ ਦਿਹੁੰ ਪਾਂਚ ਸਿਖੋਂ ਕੋ ਖਾਂਡੇ ਕੀ ਪਾਹੁਲ ਦੀ, ਸਿੰਘ ਨਾਮ ਰਾਖਾ।

ਪੁਰਾਤਨ ਲਿਖਤਾਂ ਵਿੱਚ ਕਿਤੇ ਵੀ "ਖੰਡੇ ਕਾ ਅੰਮ੍ਰਿਤ" ਸ਼ਬਦ ਨਹੀਂ ਵਰਤਿਆ ਗਿਆ, ਖੰਡੇ ਕੀ ਪਾਹੁਲ ਸ਼ਬਦ ਹੀ ਵਰਤਿਆ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਅੰਮ੍ਰਿਤ ਛਕਾਉਣਾ ਸ਼ਬਦ ਆਖਿਆ ਹੀ ਨਹੀਂ। ਕਿਉਂ ਅਤੇ ਕਦੋਂ ਪਾਹੁਲ ਨੂੰ ਅੰਮ੍ਰਿਤ ਕਰ ਦਿੱਤਾ ਗਿਆ? ਕੁਝ ਵਿਚਾਰਕ ਸੋਚਦੇ ਹਨ ਕਿ ਸਿੱਖਾਂ ਨੂੰ ਗੁਰੂ ਗ੍ਰੰਥ ਸਾਹਿਬ ਵਿੱਚ ਦੱਸੇ ਸੂਖਮ ਅੰਮ੍ਰਿਤ ਨਾਲੋਂ ਤੋੜਨ ਲਈ ਇਸ ਸਥੂਲ ਅੰਮ੍ਰਿਤ ਦੀ ਵਰਤੋਂ ਕੀਤੀ ਗਈ। ਅੱਜ ਕੋਈ ਵੀ ਸਿੱਖ ਖੰਡੇ ਕੀ ਪਾਹੁਲ ਛਕ ਕੇ ਹੀ ਆਪਣੇ ਆਪ ਨੂੰ ਅੰਮ੍ਰਿਤਧਾਰੀ ਕਹਿਣ ਲੱਗ ਜਾਂਦਾ ਹੈ। ਉਹ ਨਾਮ ਅੰਮ੍ਰਿਤ ਵੱਲ ਧਿਆਨ ਹੀ ਨਹੀਂ ਦਿੰਦਾ। ਇਸ ਨਾਲ ਨਾਮ ਰਾਹੀਂ ਜੋ ਵਾਹਿਗੁਰੂ ਦੀ ਕਲਾ ਵਰਤਣੀ ਸੀ, ਉਹ ਨਹੀਂ ਵਰਤਦੀ। ਉਲਟਾ ਉਹ ਆਪਣੇ ਆਪ ਦੇ ਸਿੰਘ ਜਾਂ ਖਾਲਸਾ ਹੋਣ ਤੇ ਸੂਖਮ ਹੰਕਾਰ ਕਰ ਬੈਠਦਾ ਹੈ ਅਤੇ ਆਪਣੇ ਆਪ ਨੂੰ ਬਾਕੀਆਂ ਤੋਂ ਉੱਚਾ ਮੰਨਣ ਲੱਗ ਜਾਂਦਾ ਹੈ।

ਖੰਡੇ ਕੀ ਪਾਹੁਲ ਨੂੰ ਅੰਮ੍ਰਿਤ ਕਹਿਣ ਦਾ ਗਲਤ ਅਸਰ ਕੌਮ ਤੇ ਪਿਆ ਹੈ। ਅਸਲ ਅੰਮ੍ਰਿਤ ਦੀ ਖੋਜ ਹੀ ਸਿੱਖ ਛੱਡ ਬੈਠੇ। ਅੱਜ, ਜਦੋਂ ਪੰਜ ਕਕਾਰਾਂ ਦੇ ਧਾਰਨੀ ਸਿੱਖਾਂ ਨੂੰ ਕੋਈ ਗਲਤ ਕੰਮ ਕਰਦੇ ਦੇਖਦੇ ਹਾਂ, ਤਾਂ ਅੰਮ੍ਰਿਤ ਬਾਰੇ ਇੱਕ ਗਲਤ ਪ੍ਰਭਾਵ ਜਾਂਦਾ ਹੈ। ਜੇ ਗੁਰਬਾਣੀ ਵਿੱਚ ਦੱਸਿਆ ਅੰਮ੍ਰਿਤ ਛਕਿਆ ਹੁੰਦਾ, ਤਾਂ ਦੈਵੀ ਗੁਣ ਜਰੂਰ ਆਉਣੇ ਸਨ।

## ਅੰਤਿਕਾ

ਅੱਜ ਲੋੜ ਹੈ ਉਸ ਅੰਮ੍ਰਿਤ ਨੂੰ ਲੱਭਣ ਦੀ ਅਤੇ ਛਕਣ ਦੀ, ਜੋ ਗੁਰਬਾਣੀ ਵਿਚ ਬਿਆਨ ਕੀਤਾ ਗਿਆ ਹੈ। ਜਿਹੜਾ ਬਾਹਰੋਂ ਨਹੀਂ ਸਗੋਂ ਮਨ ਦੇ ਅੰਦਰੋਂ ਹੀ ਮਿਲਣਾ ਹੈ। ਕੁਝ ਵਿਦਵਾਨ ਇਹ ਵੀ ਆਖਦੇ ਹਨ ਕਿ ਨਾਮ ਹੈ ਤਾਂ ਅੰਦਰ ਹੀ, ਪਰ ਉਸ ਨੂੰ ਬਾਹਰ ਲਿਆਉਣ ਲਈ ਖੰਡੇ ਦਾ ਅੰਮ੍ਰਿਤ ਓਹੀ ਕੰਮ ਕਰਦਾ ਹੈ, ਜਿਹੜਾ ਇੱਕ ਨਲਕਾ ਲਗਾਏ ਜਾਣ ਸਮੇਂ ਬਾਹਰੋਂ ਪਾਇਆ ਜਾਣ ਵਾਲਾ ਪਾਣੀ ਕਰਦਾ ਹੈ। ਪਰ ਇੱਕ ਸਵਾਲ ਹੈ ਕਿ ਖੰਡੇ ਦੀ ਪਾਹੁਲ ਤੋਂ ਪਹਿਲਾਂ ਕੀ ਗੁਰਸਿੱਖ ਅੰਮ੍ਰਿਤ ਨਹੀਂ ਛਕਦੇ ਸਨ ? ਜੇ ਅੰਮ੍ਰਿਤ ਛਕਣ ਨੂੰ ਸਿਰਫ ਸਕੂਲ ਵਿੱਚ ਦਾਖਲ ਹੋਣਾ ਮੰਨਿਆ ਜਾਵੇ, ਤਾਂ ਕਿਹਾ ਜਾਂਦਾ ਏ ਕਿ ਪਹਿਲਾਂ ਚਰਨ-ਪਾਹੁਲ ਦੇਣ ਦੀ ਰੀਤ ਸੀ। ਜਿਸ ਨੂੰ ਮੰਨਣਾ ਕੁਝ ਔਖਾ ਲੱਗਦਾ ਹੈ। ਪਰ ਜੇ ਅਸੀਂ ਖੰਡੇ ਦੀ ਪਾਹੁਲ ਨੂੰ ਸਕੂਲ ਵਿਚ ਦਾਖਲੇ ਨਾਲ ਤੁਲਨਾ ਦੇਈਏ, ਤਾਂ ਵੀ ਇਹ ਯਾਦ ਰੱਖਣਾ ਚਾਹੀਦਾ ਹੈ ਕਿ ਸਿਰਫ ਦਾਖਲਾ ਲੈਣ ਨਾਲ ਹੀ ਤਾਂ ਪਾਸ ਨਹੀਂ ਹੋਇਆ ਜਾ ਸਕਦਾ। ਕੀ ਅੱਜ ਅਸੀਂ ਗੁਰੂ ਦੇ ਸਲੇਬਸ ਦੀ ਪੜ੍ਹਾਈ ਕਰ ਰਹੇ ਹਾਂ?

ਗੁਰਬਾਣੀ ਹੀ ਸਾਡਾ ਸਲੇਬਸ ਹੈ, ਜਿਸ ਦੇ ਸਬਕ ਸਿਰਫ ਯਾਦ ਹੀ ਨਹੀਂ ਕਰਨੇ, ਸਗੋਂ ਜੀਵਨ ਵਿਚ ਹਰ ਪਲ ਜਿਊਣੇ ਵੀ ਹਨ। ਉਸ ਦਾ ਪ੍ਰੈਕਟੀਕਲ ਹਮੇਸ਼ਾ ਹੀ ਹੈ। ਪਾਤਸ਼ਾਹ ਬਖਸ਼ਿਸ਼ ਕਰਨ, ਅਸੀਂ ਗੁਰਬਾਣੀ ਵਿੱਚ ਦੱਸੇ ਨਾਮ-ਅੰਮ੍ਰਿਤ ਨੂੰ ਸਮਝ ਸਕੀਏ, ਇਸ ਨੂੰ ਘੁੱਟ ਘੁੱਟ ਕਰਕੇ ਪੀ ਸਕੀਏ ਅਤੇ ਇਸ ਰਸ ਨਾਲ ਸਰਸ਼ਾਰ ਹੋ ਕੇ ਆਪਣਾ ਜੀਵਨ ਜੀਵੀਏ। ਅਰਦਾਸ ਕਰੀਏ ਕਿ ਸਾਨੂੰ ਗੁਰੂ ਦੀ ਮਤਿ ਸਮਝ ਆਵੇ ਅਤੇ ਇਸ ਮਾਰਗ ਤੇ ਤੁਰਨ ਦੀ ਜਾਚ ਵੀ ਆ ਆਵੇ॥

# ਗੁਰੂ ਨਾਨਕ ਜੀ ਦਾ ਪ੍ਰਕਾਸ਼ : ਕੱਤਕ ਜਾਂ ਵੈਸਾਖ

ਡਾ. ਸਰਦਾਰ ਕਾਬਲ ਸਿੰਘ, ਐਡਮਿੰਟਨ, ਡਾ. ਸਰਦਾਰ ਬਿਜੈ ਸਿੰਘ, ਵਿੰਨੀਪੈਗ (ਕੈਨੇਡਾ)

## ਪਿਛੋਕੜ:

ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਦਿਵਸ ਬਹੁਤ ਗੁਰਦੁਆਰਿਆਂ, ਧਰਮ ਅਸਥਾਨਾਂ ਅਤੇ ਸਿੱਖਾਂ ਦੇ ਘਰਾਂ ਵਿਚ ਕੱਤਕ ਦੀ ਪੂਰਨਮਾਸ਼ੀ ਵਾਲੇ ਦਿਨ ਮਨਾਇਆ ਜਾਂਦਾ ਹੈ। ਇਸ ਲਈ ਆਮ ਸਿੱਖ ਇਹੀ ਸਮਝਦੇ ਹਨ ਕਿ ਗੁਰੂ ਜੀ ਦਾ ਪ੍ਰਕਾਸ਼ ਕੱਤਕ ਦੀ ਪੂਰਨਮਾਸ਼ੀ ਵਾਲੇ ਦਿਨ ਹੋਇਆ ਸੀ। ਕੱਤਕ ਦੀ ਪੂਰਨਮਾਸ਼ੀ ਦੇ ਦਿਨ ਗੁਰਪੁਰਬ ਮਨਾਉਣ ਨਾਲ ਮੂਲ ਨਾਨਕਸ਼ਾਹੀ ਤੇ ਈਸਵੀ ਕਲੰਡਰਾਂ ਵਿਚ ਹਰ ਸਾਲ ਤਰੀਕ ਬਦਲ ਜਾਂਦੀ ਹੈ। ਕੀ ਕਿਸੇ ਵਿਅਕਤੀ ਦੀ ਜਨਮ ਤਰੀਕ ਇਕ ਤੋਂ ਦੂਸਰੇ ਸਾਲ ਵੱਖਰੀ ਹੋ ਸਕਦੀ ਹੈ?

## ਸਾਖੀਆਂ:

ਕੁਝ ਉਪਲਭਦ ਸਾਖੀਆਂ ਬਾਰੇ ਸੰਖੇਪ ਵੇਰਵੇ ਇਸ ਤਰ੍ਹਾਂ ਹਨ:

### 1. ਪੁਰਾਤਨ ਜਨਮ ਸਾਖੀ:

ਭਾਈ ਗੁਰਦਾਸ ਜੀ ਦੇ ਸਮੇਂ ਲਿਖੀ ਗਈ ਇਸ ਸਾਖੀ ਵਿਚ ਲਿਖਿਆ ਹੈ, 'ਸੰਮਤ 1525 ਬਾਬਾ ਨਾਨਕ ਜਨਮਿਆ, ਵੈਸਾਖ ਮਹਿ, ਤ੍ਰਿਤੀਆ ਚਾਨਣੀ ਰਾਤ, ਅਮ੍ਰਿਤ ਵੇਲਾ ਪਹਰੁ ਰਾਤ ਰਹਿੰਦੀ ਕੁ ਜਨਮਿਆ'।



### 2. ਭਾਈ ਮਨੀ ਸਿੰਘ ਵਾਲੀ ਸਾਖੀ:

ਸੰਮਤ 1526 ਵੈਸਾਖ ਮਾਸ ਸ਼ੁਕਲ ਪੱਖ ਤ੍ਰਿਤੀਅ ਤਿੱਥਸਵਾ ਪਹਰੁ ਰਾਤ ਰਹਿੰਦੀ ਸ੍ਰੀ ਗੁਰੂ ਨਾਨਕ ਜੀ ਨੇ ਅਵਤਾਰ ਧਾਰਿਆ।

### 3. ਮਹਿਮਾ ਪਰਕਾਸ਼:

ਹਰਿ ਭਇਓ ਅਵਤਾਰ ਨਿਰੰਜਨੀ ਸੰਤ ਰੂਪ ਤਨ ਧਾਰ। ਕਾਰਨ ਤਾਰਨ ਜਗਤ ਕੋ ਕਰ ਹੈ ਭਗਤਿ ਪਰਚਾਰ। ਧੰਨ ਦੇਸ ਧੰਨ ਨਗਰ ਸੋ ਧੰਨ ਬਰਨ ਕੁਲ ਸੋਇ। ਧੰਨ ਸਮਾ ਧੰਨ ਮਾਤ ਪਿਤਾ ਸੰਤ ਜਨਮ ਗ੍ਰਹਿ ਹੋਇ। ਸੰਮਤ ਬਿਕ੍ਰਮ ਨਿਰਪ ਕੋ ਪੰਦਰਹ ਸਹਸ ਪਚੀਸ। (ਪਰ ਅਜ ਕਲ ਵਾਲੀਆਂ ਸਾਖੀਆਂ ਵਿਚ 1526 ਲਿਖਿਆ ਹੈ) ਵੈਸਾਖ ਸੁਦੀ ਥਿਤ ਤੀਜ ਕੋ ਧਰਉ ਬਪ ਈਸ।

4. ਵੈਰੋਵਾਲ ਵਾਲੀ ਸਾਖੀ:

ਤਲਵੰਡੀ ਰਾਇ ਭੋਇ ਭੱਟੀ ਕੀ ਬਾਬੇ ਨਾਨਕ ਜਨਮ ਲਇਆ। ਕਾਲੂ ਖੱਤਰੀ ਜਾਤ ਵੇਦੀ ਕੇ ਘਰ ਜਨਮ ਲਇਆ। ਸੰਮਤ 1526, ਕਲਯੁੱਗ ਵਿਚ ਬਾਬਾ ਨਾਨਕ ਨਾਉ ਧਰਾਇਆ। ਆਪਣਾ ਪੰਥ ਚਲਾਇਆ। ਵੈਸਾਖ ਮਹਿ ਤੇ ਤੀਜ ਚਾਨਣੀ ਰਾਤਿ ਅੰਮ੍ਰਿਤ ਵੇਲਾ ਪਹਿਰ ਰਾਤ ਰਹਿੰਦੀ ਜਨਮਿਆ।'

5. ਭਾਈ ਬਾਲੇ ਵਾਲੀ ਸਾਖੀ:

ਇਸ ਵਿਚ ਜਨਮ ਦੀ ਤਰੀਕ ਕੱਤਕ ਪੂਰਨਮਾਸ਼ੀ ਲਿਖੀ ਹੈ। ਹੰਦਾਲੀਆਂ ਵਲੋਂ ਲਿਖੀ ਭਾਈ ਬਾਲੇ ਵਾਲੀ ਸਾਖੀ ਵਿੱਚ, ਗੁਰੂ ਜੀ ਦੇ ਚਾਚਾ ਜੀ (ਲਾਲੂ) ਕੋਲ ਜਨਮ ਪੱਤਰੀ ਵਿਚ ਜਨਮ 20 ਅਕਤੂਬਰ 1469 ਹੈ।

6. ਗੁਰੁ ਨਾਨਕ ਬੰਸ ਪ੍ਰਕਾਸ਼:

ਗੁਰੁ ਜੀ ਦੀ ਸੰਤਾਨ ਵਿਚੋਂ ਸੁਖਵਾਸੀ ਰਾਏ ਦੇ ਲਿਖਣ ਅਨੁਸਾਰ ਗੁਰੁ ਨਾਨਕ ਸਾਹਿਬ ਦਾ ਪ੍ਰਕਾਸ਼ ਵਿਸਾਖ ਦਾ ਹੈ।

ਜੋਤੀ ਜੋਤ ਸਮਾਉਣ ਅਨੁਸਾਰ ਪ੍ਰਕਾਸ਼ ਦਿਵਸ:

ਇਹ ਪ੍ਰਵਾਨਤ ਹੈ ਕਿ ਗੁਰੂ ਸਾਹਿਬ ਅਸੂ 10, ਸੰਮਤ 1596 ਨੂੰ ਜੋਤੀ ਜੋਤ ਸਮਾਏ। ਜਨਮ ਸਾਖੀਆਂ ਵਿਚ ਜੋਤੀ ਜੋਤ ਦੀ ਤਰੀਕ 10 ਵਦੀ ਜਾਂ ਸੁਦੀ ਲਿਖੀ ਹੈ। ਦੋਵਾਂ ਵਿਚ 15 ਥਿੱਤਾਂ ਦਾ ਫਰਕ ਹੈ। ਅੱਸੂ 10 ਦੇ ਹਿਸਾਬ ਨਾਲ ਤਾਂ ਪ੍ਰਕਾਸ ਦਿਵਸ ਵਿਸਾਖ ਦਾ ਹੀ ਬਣਦਾ ਹੈ।

ਪ੍ਰਕਾਸ਼:

ਪ੍ਰਕਾਸ਼ ਸੰਮਤ (1596-70) 1526, ਮਹੀਨਾ ਵਿਸਾਖ (1), ਤਰੀਕ (10 - ।7) ਬਣਦਾ ਹੈ। ਇਸ ਦਿਨ ਵੀ ਪੂਰਨਮਾਸ਼ੀ ਬਣਦੀ ਹੈ। ਅੱਸੂ ਸੁਦੀ ਤੇ ਵਦੀ ਕਾਰਣ ਵਿਸਾਖ ਵਿਚ 15 ਦਿਨ ਦਾ ਫਰਕ ਹੋ ਸਕਦਾ ਹੈ। ਪਰ ਕੱਤਕ ਪੂਰਨਮਾਸ਼ੀ ਕਿਸੇ ਵੀ ਤਰਾਂ ਨਹੀ ਹੋ ਸਕਦੀ।

ਕੁਝ ਹੋਰ ਸਰੋਤ:

ਭਾਈ ਗੁਰਦਾਸ ਜੀ ਦੇ ਕਥਨ:

'ਕੁਰਬਾਣੀ ਤਿਨਾਂ ਗੁਰ ਸਿੱਖਾਂ ਭਾਇ ਭਗਤ ਗੁਰਪੁਰਬ ਕਰੰਦੇ' ਤੋਂ ਸਾਫ ਹੈ ਕਿ ਗੁਰੂਆਂ ਦੇ ਸਮੇ ਵੀ ਸਿੱਖ ਗੁਰਪੁਰਬ ਮਨਾਉਂਦੇ ਸਨ।

ਕਬਿੱਤ 345 ਦੀ ਪੰਗਤੀ : 'ਕਾਰਤਕ ਮਾਸ ਰੁਤਿ ਸਰਤਿ ਪੂਰਨਮਾਸ਼ੀ' ਕੱਤਕ ਦੇ ਜਨਮ ਨਾਲ ਜੋੜੀ ਜਾਂਦੀ ਹੈ

ਪਰ ਸਾਰੀ ਕਬਿੱਤ 345 ਅਤੇ ਉਸ ਤੋਂ ਬਾਦ ਕਬਿੱਤ 346, 347 ਤੇ 348 ਪੱੜਨ ਨਾਲ ਸਾਫ ਸਮਝ ਆ ਜਾਂਦੀ ਹੈ ਕਿ ਚੌਂਹਾਂ ਕਬਿੱਤਾਂ ਦਾ ਭਾਵ ਕੇਵਲ ਸ਼ਿੰਗਾਰ ਰਸ ਦਾ ਨਿਰੂਪਣ ਹੈ।

ਕਬਿੱਤ 345 ਤੋਂ 348 ਵਿੱਚ ਸਮਾਨਤਾ ਸਾਫ ਦਸਦੀ ਹੈ ਕਿ ਇਨ੍ਹਾਂ ਕਬਿਤਾਂ ਦਾ ਸ਼ਿੰਗਾਰ ਰਸ ਤੋਂ ਬਿਨਾ ਗੁਰੁ ਜੀ ਦੀ ਜਨਮ ਤਰੀਕ ਨਾਲ ਕੋਈ ਸਬੰਧ ਨਹੀਂ ਹੈ।

## ਮਹਾਨ ਕੋਸ਼:

ਭਾਈ ਕਾਨ੍ਹ ਸਿੰਘ ਨਾਭਾ ਦੁਆਰਾ ਰਚਿਤ ਮਹਾਨ ਕੋਸ਼ ਵਿੱਚ ਗੁਰੂ ਨਾਨਕ ਸਾਹਿਬ ਦੀ ਜਨਮ ਤਰੀਕ 15 ਅਪ੍ਰੈਲ 1469 ਲਿਖੀ ਹੈ।

## ਮੂਲ ਨਾਨਕਸ਼ਾਹੀ ਕੈਲੰਡਰ:

ਗੁਰੂ ਨਾਨਕ ਦੀ ਜਨਮ ਤਰੀਕ 15 ਅਪ੍ਰੈਲ 1469 ਲਿਖੀ ਹੈ।

## ਵਿੱਕੀਪੀਡੀਆ:

ਗੁਰੂ ਨਾਨਕ ਦੀ ਜਨਮ ਤਰੀਕ 15 ਅਪ੍ਰੈਲ 1469 ਲਿਖੀ ਹੈ, ਪਰ ਨਾਲ ਹੀ ਸਿੱਖ ਪ੍ਰੰਪਰਾ ਅਨੁਸਾਰ ਗੁਰੁ ਜੀ ਦਾ ਜਨਮ ਕੱਤਕ ਦੀ ਪੂਰਨਮਾਸ਼ੀ ਲਿਖਿਆ ਹੈ।

## ਪ੍ਰਕਾਸ਼ ਦਿਵਸ ਕੱਤਕ ਕਿ ਵਿਸਾਖ ਬਾਰੇ ਵਿਚਾਰ:

ਸਾਖੀ ਦਾ ਅਰਥ ਕਿਸੇ ਵਲੋਂ ਅੱਖੀਂ ਡਿੱਠੇ ਬਿਰਤਾਂਤ ਦਾ ਲਿਖਤੀ ਰੂਪ ਹੁੰਦਾ ਹੈ। ਗੁਰੂ ਨਾਨਕ ਸਾਹਿਬ ਬਾਰੇ ਸਭ ਸਾਖੀਆਂ ਉਨ੍ਹਾਂ ਦੇ ਜੋਤੀ ਜੋਤ ਸਮਾਉਣ ਤੋਂ ਬਾਅਦ ਲਿਖੀਆਂ ਗਈਆਂ ਹਨ ਅਤੇ ਸਾਰੀਆਂ ਤੇ ਕਿੰਤੁ-ਪ੍ਰੰਤੂ ਕੀਤੇ ਗਏ ਹਨ। ਆਧੁਨਿਕ ਇਤਿਹਾਸਕਾਰ ਸਾਖੀਆਂ ਨੂੰ ਸੁਧਾਰਨ ਦੀ ਕੋਸ਼ਿਸ਼ ਕਰ ਰਹੇ ਹਨ।

ਭਾਈ ਗੁਰਦਾਸ ਜੀ ਦੇ ਬਚਨਾਂ ਤੋਂ ਸਿੱਧ ਹੁੰਦਾ ਹੈ ਕਿ ਗੁਰੂ ਕਾਲ ਵੇਲੇ ਗੁਰਪੁਰਬ ਮਨਾਏ ਜਾਂਦੇ ਸਨ। ਇਸ ਲਈ ਪੁਰਾਤਨ ਜਨਮ ਸਾਖੀ, ਜਿਹੜੀ ਉਸੇ ਸਮੇਂ ਵਿਚ ਲਿਖੀ ਗਈ ਸੀ, ਲਿਖਣ ਵਾਲੇ ਨੂੰ ਜਰੂਰ ਪਤਾ ਹੋਵੇਗਾ ਕਿ ਪ੍ਰਕਾਸ਼ ਦਿਹਾੜਾ ਕਿਸ ਮਹੀਨੇਂ ਵਿਚ ਮਨਾਇਆ ਜਾਂਦਾ ਸੀ। ਮਹਾਰਾਜਾ ਰਣਜੀਤ ਸਿੱਘ ਦੇ ਸਮੇ 1815 ਤੱਕ ਨਨਕਾਣਾ ਸਾਹਿਬ ਵਿਖੇ ਗੁਰੂ ਜੀ ਦਾ ਪ੍ਰਕਾਸ਼ ਦਿਨ ਵਿਸਾਖ ਵਿਚ ਹੀ ਮਨਾਇਆ ਜਾਂਦਾ ਸੀ।

ਇਤਹਾਸ, ਬਹੁਤੀਆਂ ਸਾਖੀਆਂ ਅਤੇ ਹੋਰ ਸਰੋਤਾਂ ਅਨੁਸਾਰ ਵਿਸਾਖ ਵਿਚ ਪ੍ਰਕਾਸ਼ ਦੀ ਗਵਾਹੀ ਹੋਣ ਤੇ ਵੀ ਪ੍ਰਕਾਸ਼ ਦਿਵਸ ਕੱਤਕ ਵਿਚ ਕਿਉਂ ਮਨਾਇਆ ਜਾਂਦਾ ਹੈ।

## ਸਰਦਾਰ ਕਰਮ ਸਿੰਘ ਹਿਸਟੋਰੀਅਨ

ਇਨ੍ਹਾਂ ਅਨੁਸਾਰ ਨਿਰੰਜਨੀਆਂ ਨੇ ਗੁਰੂ ਜੀ ਤੇ ਕਈ ਦੂਸ਼ਨ ਅਰੋਪੇ ਸਨ। ਕੱਤਕ ਪੂਰਨਮਾਸ਼ੀ ਵਿਚ ਪ੍ਰਕਾਸ਼ ਦਿਵਸ ਮਨਾਉਣ ਦਾ ਇਕ ਕਾਰਣ ਉਨ੍ਹਾਂ ਵਲੋਂ ਗੁਰੂ ਜੀ ਨੂੰ ਨੀਵਾਂ ਦਰਸਾਉਂਣ ਦਾ ਦੱਸਿਆ ਗਿਆ ਹੈ। ਕੱਤਕ ਪੂਰਨਮਾਸ਼ੀ ਅਵਤਾਰ ਦਿਵਸ ਲਿੱਖਣ ਪਿਛੇ ਪੰਜਾਬ ਵਿਚ ਉਸ ਸਮੇ ਦੇ ਪ੍ਰਸਿੱਧ ਭਰਮ ਦਾ ਸਹਾਰਾ ਲਿਆ ਜਾਪਦਾ ਹੈ। ਕਿਉਂਕਿ ਭਾਦਰੋਂ ਜਾਂ ਕੱਤਕ ਜਨਮੇ ਬਾਲਕ ਨੂੰ ਅਸ਼ੁਭ ਮੰਨ ਕੇ ਘਰੋਂ ਕੱਢ ਦਿਤਾ ਜਾਂਦਾ ਸੀ ਜਾਂ ਬਹੁਤੀ ਵਾਰ ਪੰਡਤ ਨੂੰ ਸਮਰਪਣ ਕਰ ਕੇ ਫਿਰ ਮੁੱਲ ਦੇ ਕੇ ਉਸ ਪਾਸੋਂ ਖਰੀਦ ਲੈਂਦੇ ਸਨ। ਇਸ ਤਰ੍ਹਾਂ ਕਰਣ ਨਾਲ ਉਸ ਬਾਲਕ ਦੀ ਅਸ਼ੁਧਤਾ ਚਲੀ ਗਈ ਮੰਨ ਲੈਂਦੇ ਸਨ। ਕੀ ਬਾਲੇ ਵਾਲੀ ਸਾਖੀ ਵਿਚ ਕੱਤਕ ਪੂਰਨਮਾਸ਼ੀ ਅਵਤਾਰ ਦਿਵਸ ਲਿੱਖਣ ਪਿਛੇ ਇਹੀ ਮੰਤਵ ਸੀ। ਭਾਂਵੇਂ ਕਿ ਗੁਰੂ ਜੀ ਨੂੰ ਘਰੋਂ ਕੱਢਣ ਜਾਂ ਵਾਪਸ ਖਰੀਦਣ ਬਾਰੇ ਕਿਤੇ ਵੀ ਨਹੀਂ ਵਰਣਨ ਨਹੀਂ ਮਿਲਦਾ।

ਇਤਿਹਾਸਕਾਰ ਮੈਕਾਲਿਫ ਅਨੁਸਾਰ ਮਹਾਰਾਜਾ ਰਣਜੀਤ ਸਿੱਘ ਦੇ ਸਮੇਂ ਅਮ੍ਰਿਤਸਰ ਵਿਚ ਇੱਕ ਗਿਆਨੀ ਸੰਤ ਸਿੰਘ ਹੋਏ ਸਨ। ਉਨ੍ਹਾਂ ਅਨੁਸਾਰ ਕੱਤਕ ਪੂਰਨਮਾਸ਼ੀ ਨੂੰ ਰਾਮ ਤੀਰਥ ਦਾ ਮੇਲਾ ਹੋਣ ਕਰਕੇ ਸਾਰੇ ਸਿੱਖ ਓਧਰ ਚਲੇ ਜਾਂਦੇ ਸਨ।

ਸੋ ਉਧਰੋਂ ਹਟਾਉਣ ਵਾਸਤੇ ਗਿਆਨੀ ਜੀ ਨੇ ਕੱਤਕ ਦੀ ਪੂਰਨਮਾਸ਼ੀ ਤੇ ਗੁਰੂ ਜੀ ਦੇ ਪਰਗਟ ਹੋਣ ਦਾ ਦਿਨ ਮਨਾਉਣਾ ਅਰੰਭ ਕੀਤਾ। ਉਨ੍ਹਾਂ ਨੂੰ ਇਹ ਗੱਲ ਚੁੱਭਦੀ ਸੀ ਕਿ ਰਾਮ ਤੀਰਥ ਨੂੰ ਜ਼ਕਰੀਆ ਖਾਨ ਨੇ ਮੁੜ ਇਸ ਲਈ ਵਸਾਇਆ ਸੀ ਕਿਉਂਕਿ ਉਹ ਸਿੱਖਾਂ ਦਾ ਦੋਖੀ ਸੀ। ਕਹਿੰਦੇ ਹਨ ਕਿ ਉਨ੍ਹਾਂ ਨੇ ਮਹਾਰਾਜਾ ਰਣਜੀਤ ਸਿੱਘ ਦੀ ਸਹਮਤੀ ਨਾਲ ਗੁਰੁ ਸਾਹਿਬ ਦਾ ਪ੍ਰਕਾਸ਼ ਦਿਹਾੜਾ ਕੱਤਕ ਦੀ ਪੂਰਨਮਾਸ਼ੀ ਨੂੰ ਅਮ੍ਰਿਤਸਰ ਵਿਖੇ ਮਨਾਉਣਾ ਸ਼ੁਰੂ ਕੀਤਾ। ਨਨਕਾਣਾ ਸਾਹਿਬ ਵਿਚ ਕੱਤਕ ਵਿਚ ਗੁਰਪੁਰਬ ਮਨਾਉਣਾਂ 1925 ਵਿਚ ਆਰੰਭ ਹੋਇਆ।

ਮੈਕਾਲਿਫ ਲਿਖਦਾ ਹੈ ਕਿ ਸ਼ਾਇਦ ਹੋਲੀ, ਰਾਮ ਨੌਮੀ ਅਤੇ ਵੈਸਾਖੀ ਤੋਂ ਬਾਦ ਕਿਸਾਨ ਫਸਲ ਵੱਢਣ ਵਿਚ ਰੁਝ ਜਾਂਦੇ ਸਨ ਅਤੇ ਸੰਗਤ ਘੱਟ ਇਕੱਠੀ ਹੋਣ ਕਾਰਣ ਚੜ੍ਹਾਵਾ ਥੋੜਾ ਚੜ੍ਹਦਾ ਹੋਵੇ। ਜਦ ਕਿ ਕੱਤਕ ਦੀ ਪੂਰਨਮਾਸ਼ੀ ਤੱਕ ਫਸਲ ਸੰਭਾਲ ਕੇ ਕਿਸਾਂਨ ਵੇਹਲੇ ਹੋਣ ਕਰਕੇ ਅਤੇ ਦਿਵਾਲੀ ਦੇ ਨੇੜੇ ਸੰਗਤ ਜ਼ਿਆਦਾ ਹੋਣ ਨਾਲ ਚੜਾਵਾ ਜ਼ਿਆਦਾ ਹੋ ਸਕਦਾ ਸੀ।

ਸੁਲਤਾਨਪੁਰ ਲੋਧੀ ਵਿਖੇ ਤਿੰਨ ਦਿਨ ਕਾਲੀ ਬੇਂਈ ਵਿੱਚ ਧਿਆਨ ਲਾਉਣ ਤੋਂ ਬਾਅਦ ਗੁਰੂ ਸਾਹਿਬ ਨੇ ਜਪੁ ਜੀ ਦੀ ਬਾਣੀ ਦਾ ਉਚਾਰਣ ਕੱਤਕ ਦੀ ਪੂਰਨਮਾਸ਼ੀ ਨੂੰ ਕੀਤਾ ਸੀ। ਸਮਾਂ ਲੰਘਣ ਤੇ ਉਨ੍ਹਾਂ ਦੇ ਗਿਆਨ ਪ੍ਰਾਪਤੀ ਅਤੇ ਪ੍ਰਕਾਸ਼ ਦਿਵਸ ਦੋਵੇਂ ਕੱਤਕ ਵਿੱਚ ਹੀ ਪ੍ਰਚਲੱਤ ਹੋ ਗਏ।

ਇਸ ਤਰ੍ਹਾਂ ਸਮਾਂ ਬੀਤਣ ਨਾਲ ਬਾਲੇ ਵਾਲੀ ਸਾਖੀ ਦੇ ਪ੍ਰਭਾਵ ਵਧਣ ਅਤੇ ਉੱਪਰ ਬਿਆਨ ਕੀਤੇ ਕਾਰਣਾਂ ਕਰਕੇ ਕੱਤਕ ਪੂਰਨਮਾਸ਼ੀ ਵਾਲੇ ਦਿਨ ਹੀ ਗੁਰੂ ਜੀ ਦੇ ਪਰਗਟ ਹੋਣ ਦਾ ਪ੍ਰਕਾਸ਼ ਦਿਵਸ ਸਮਝਿਆ ਜਾਣ ਲੱਗਾ।

ਕੁਝ ਹੋਰ ਪੱਖਾਂ ਵੱਲ ਵੀ ਧਿਆਨ ਦੇਣ ਦੀ ਲੋੜ ਹੈ। ਗੁਰੁ ਅਮਰ ਦਾਸ ਜੀ ਵਲੋਂ ਵਿਸਾਖੀ ਮਨਾਉਣ ਦੀ ਪ੍ਰੰਪਰਾ ਦਾ ਅਰੰਭ ਅਤੇ ਦਸ਼ਮੇਸ਼ ਪਿਤਾ ਵਲੋਂ ਖਾਲਸਾ ਸਾਜਨਾ ਵਿਸਾਖੀ ਵਾਲੇ ਦਿਨ ਕਰਨ ਦਾ ਕਾਰਣ ਵੀ ਵਿਸਾਖੀ ਦੇ ਦਿਨ ਗੁਰੁ ਨਾਨਕ ਸਾਹਿਬ ਦਾ ਹੋਇਆ ਪ੍ਰਕਾਸ਼ ਹੀ ਸੀ।

ਵਿਚਾਰਨ ਦੀ ਲੋੜ ਹੈ ਕਿ ਗੁਰੂ ਜੀ ਦੇ ਪਰਗਟ ਹੋਣ ਦਾ ਉਹ ਦਿਨ ਠੀਕ ਹੈ ਜਿਹੜਾ ਭਾਈ ਗੁਰਦਾਸ ਵੇਲੇ (ਗੁਰੂ ਕਾਲ ਵਿਚ) ਮਨਾਇਆ ਜਾਂਦਾ ਸੀ ਜਾਂ ਜਿਹੜਾ ਗੁਰੂ ਸਾਹਿਬ ਤੋਂ ਸੈਕੜੇ ਸਾਲ ਬਾਅਦ ਮਨਾਉਣਾ ਸ਼ੁਰੂ ਕੀਤਾ ਗਿਆ। ਬਹੁਤੇ ਸਰੋਤਾਂ ਅਤੇ ਕੱਤਕ ਵਿਚ ਪ੍ਰਕਾਸ਼ ਦਿਵਸ ਮਨਾਉਣ ਬਾਰੇ ਲਿਖੇ ਵਿਚਾਰਾਂ ਦੇ ਅਧਾਰ ਤੇ ਗੁਰੂ ਸਾਹਿਬ ਦਾ ਪ੍ਰਕਾਸ਼ ਦਿਵਸ ਵਿਸਾਖੀ ਨੂੰ ਹੀ ਮਨਾਉਣਾਂ ਠੀਕ ਲਗਦਾ ਹੈ।

## ਸਾਰਅੰਸ਼:

ਬਾਲੇ ਵਾਲੀ ਸਾਖੀ ਜਾਂ ਉਸ ਤੇ ਅਧਾਰਤ ਲਿਖਤਾਂ ਤੋਂ ਬਿਨਾਂ ਸਾਰੀਆਂ ਸਾਖੀਆਂ ਅਨੁਸਾਰ ਗੁਰੂ ਜੀ ਦਾ ਪ੍ਰਕਾਸ਼ ਵਿਸਾਖ ਵਿਚ ਹੋਇਆ। ਗੁਰੂ ਸਾਹਿਬਾਂ ਵੇਲੇ ਵਿਸਾਖ ਵਿਚ ਗੁਰਪੁਰਬ ਮਨਾਉਣ, ਪਾਤਸ਼ਾਹੀ ਕਰਨ ਦਾ ਸਮਾਂ ਅਤੇ ਜੋਤੀ ਜੋਤਿ ਸਮਾਉਣ ਦੇ ਅਧਾਰ ਤੇ ਵੀ ਗੁਰੂ ਜੀ ਦਾ ਪ੍ਰਕਾਸ਼ ਦਿਵਸ ਵਿਸਾਖ ਵਿਚ ਹੀ ਬਣਦਾ ਹੈ। ਮਹਾਨ ਕੋਸ਼, ਮੂਲ ਨਾਨਕਸ਼ਾਹੀ ਕੈਲੰਡਰ, ਅਤੇ ਵਿੱਕੀਪੀਡੀਆਂ ਵਿਚ ਵੀ ਗੁਰੂ ਜੀ ਦਾ ਪ੍ਰਕਾਸ਼ ਦਿਵਸ ਵਿਸਾਖ ਵਿਚ ਹੀ ਲਿਖਿਆ ਹੈ। ਮੈਕਾਲਿਫ ਅਤੇ ਕਰਮ ਸਿੰਘ ਹਿਸਟੋਰੀਅਨ ਵੀ ਗੁਰੂ ਜੀ ਦਾ ਪ੍ਰਕਾਸ਼ ਦਿਵਸ ਵਿਸਾਖ ਵਿਚ ਹੀ ਮੰਨਦੇ ਹਨ। ਇਨ੍ਹਾਂ ਸਾਰੇ ਸਰੋਤਾਂ ਦੇ ਅਧਾਰ ਤੇ ਗੁਰੂ ਨਾਨਕ ਸਾਹਿਬ ਦਾ ਪ੍ਰਕਾਸ਼ ਦਿਵਸ ਸਾਨੂੰ 1-ਵਿਸਾਖ ਨੂੰ ਹੀ ਮਨਾਉਣਾ ਚਾਹੀਦਾ ਹੈ।

# ਅਰੋਗ ਮਨ ਲੰਬੀ ਉਮਰ ਤੇ ਖੁਸ਼ੀ ਦਾ ਆਧਾਰ

ਡਾ. ਸਰਦਾਰ ਡੀ. ਪੀ. ਸਿੰਘ, ਮਿਸੀਸਾਗਾ (ਕੈਨੇਡਾ)

Email : **drdpsn@hotmial.com**,Webiste : drdpisnghauthor.wordpress.com



ਸਾਡੇ ਸਰੀਰ ਦੇ ਸਾਰੇ ਕੰਮਾਂ ਦਾ ਕੰਟ੍ਰੋਲ ਦਿਮਾਗ ਕੋਲ ਹੀ ਹੈ। ਮਨੋਵਿਗਿਆਨੀ ਰੇਜੀਨਾ ਕੋਏਪ (Dr. Regina Koepp, a **board-certified clinical psychologist** and **gerontologist)** ਦਾ ਕਹਿਣਾ ਹੈ ਕਿ ਲੰਮੀ ਤੇ ਸਿਹਤਮੰਦ ਜ਼ਿੰਦਗੀ ਜੀਣ ਲਈ ਮਨੁੱਖੀ ਦਿਮਾਗ ਦਾ ਅਰੋਗ ਹੋਣਾ ਅਤਿ ਜ਼ਰੂਰੀ ਹੈ।

ਕੋਏਪ ਨੇ ਮਾਨਸਿਕ ਸਿਹਤ ਨੂੰ ਬਿਹਤਰ ਬਣਾਉਣ ਲਈ ਹੇਠ ਲਿਖੇ ਪੰਜ ਸੁਝਾਅ ਪੇਸ਼ ਕੀਤੇ ਹਨ।

(1) ਮੰਤਵਪੂਰਨ ਕ੍ਰਿਆਵਾਂ ਨੂੰ ਰੋਜ਼ਾਨਾ ਜੀਵਨ ਦਾ ਹਿੱਸਾ ਬਣਾਉ।

ਕਿਸੇ ਸ਼ੌਕ ਦੀ ਪੂਰਤੀ ਜਾਂ ਅਧਿਆਮਿਕ ਕਾਰਜਾਂ ਦਾ ਉੱਦਮ ਮਾਨਸਿਕ ਸਿਹਤ ਵਿਚ ਚੰਗਾ ਵਾਧਾ ਕਰਦਾ ਹੈ। ਨਿਸ਼ਕਾਮ ਸੇਵਾ ਕਰਨਾ, ਪੇਂਟਿੰਗ ਕਰਨਾ, ਸੰਗੀਤ ਸੁਨਣਾ, ਕਿਤਾਬ ਪੜ੍ਹਣਾ, ਯੋਗਾ ਕਰਨਾ ਜਾਂ ਸੈਰ ਕਰਣਾ ਆਦਿ। ਅਜਿਹਾ ਕਿਉਂ ਵਾਪਰਦਾ ਹੈ? ਅਜਿਹੇ ਕਾਰਜ ਸਾਡੇ ਮਾਨਸਿਕ ਤਣਾਅ ਨੂੰ ਘਟਾਉਂਦੇ ਹਨ। ਜਿਸ ਨਾਲ ਅਲਜ਼ਾਈਮਰ ਰੋਗ, ਦਿਲ ਦੇ ਦੌਰੇ ਅਤੇ ਡਿਪਰੈਸ਼ਨ ਵਰਗੇ ਰੋਗਾਂ ਤੋਂ ਬਚਾਉ ਹੁੰਦਾ ਹੈ।

(2) ਸਰਗਰਮ ਜੀਵਨ ਸ਼ੈਲੀ ਅਪਣਾਉ ।

ਹਰ ਹਫ਼ਤੇ ਘੱਟੋ ਘੱਟ ਪੰਜ ਦਿਨ, ਰੋਜ਼ 30 ਮਿੰਟ ਦੀ ਸਾਧਾਰਣ ਸਰਗਰਮੀ ਮਾਨਸਿਕ ਸਿਹਤ ਦੀਆਂ ਸਮੱਸਿਆਵਾਂ ਨੂੰ ਦੂਰ ਕਰਦੀ ਹੈ। ਦਿਲ ਦੀ ਬਿਮਾਰੀ ਅਤੇ ਮਨੋਰੋਗ ਹੋਣ ਦੀ ਸੰਭਾਵਨਾ ਘੱਟਦੀ ਹੈ। ਹਾਰਮੋਨਸ, ਸੇਰੋਟੋਨਿਨ ਅਤੇ ਐਂਡੋਰਫਿਨ, ਦੀ ਪੈਦਾਇਸ਼ ਵਧਦੀ ਹੈ, ਅਤੇ ਡਿਪਰੈਸ਼ਨ ਨੂੰ ਘਟਾਉਂਦੀ ਹੈ। ਇਸ ਵਿਧੀ ਨੂੰ ਸ਼ੁਰੂ ਕਰਨ ਤੋਂ ਪਹਿਲਾਂ ਡਾਕਟਰ ਦੀ ਸਲਾਹ ਜ਼ਰੂਰ ਲਵੋ।

(3) ਪੋਸ਼ਟਿਕ ਤੇ ਸੰਤੁਲਿਤ ਭੋਜਨ ਖਾਓ।

ਪੋਸ਼ਟਿਕ ਤੇ ਸੰਤੁਲਿਤ ਭੋਜਨ ਖਾਣ ਨਾਲ ਮਾਨਸਿਕ ਸਿਹਤ ਵਿਚ ਸੁਧਾਰ ਹੁੰਦਾ ਹੈ।

ਹਰੀਆਂ ਤਾਜ਼ਾ ਸਬਜ਼ੀਆਂ ਅਧਾਰਿਤ ਖੁਰਾਕ ਚੰਗੀ ਸਿਹਤ ਬਣਾਈ ਰੱਖਣ ਵਿਚ ਬਹੁਤ ਲਾਹੇਵੰਦ ਸਾਬਤ ਹੁੰਦੀ ਹੈ।

ਫਾਈਬਰ ਭਰਪੂਰ ਪਦਾਰਥਾਂ ਨਾਲ ਬਲੱਡ ਪ੍ਰੈਸ਼ਰ ਅਤੇ ਕੋਲੇਸਟ੍ਰੋਲ ਵਿੱਚ ਸੁਧਾਰ ਹੁੰਦਾ ਹੈ ਅਤੇ ਸ਼ੂਗਰ, ਸਟ੍ਰੋਕ, ਨਾੜੀ ਦੀਆਂ ਬਿਮਾਰੀਆਂ ਅਤੇ ਡਿਪਰੈਸ਼ਨ ਦਾ ਜੋਖਮ ਘਟਦਾ ਹੈ।

(4) ਨਿਯਮਿਤ ਤੇ ਭਰਪੂਰ ਨੀਂਦ ਲਉ।

ਬਾਲਗਾਂ ਨੂੰ ਇੱਕ ਰਾਤ ਦੌਰਾਨ ਅਕਸਰ ਸੱਤ ਜਾਂ ਅੱਠ ਘੰਟੇ ਦੀ ਨੀਂਦ ਮਾਨਣੀ ਚਾਹੀਦੀ ਹੈ। ਇਸ ਲਈ ਨਿਯਮਤ ਰੂਪ ਵਿਚ ਸਮੇਂ ਸਿਰ ਸੌਣ ਦੀ ਆਦਤ ਜ਼ਰੂਰੀ ਹੈ। ਘੱਟੋ-ਘੱਟ ਇੱਕ ਘੰਟਾ ਪਹਿਲਾਂ ਸੈੱਲਫੋਨ (ਮੋਬਾਇਲ) ਤੇ ਟੈਲੀਵਿਯਨ ਦੀ ਵਰਤੋਂ ਬੰਦ ਕਰਨੀ ਚਾਹੀਦੀ ਹੈ। ਸੌਣ ਵਾਲੇ ਕਮਰੇ ਨੂੰ ਹਨੇਰਾ ਤੇ ਸੁਯੋਗ ਤਾਪਮਾਨ ਵਾਲਾ ਬਣਾ ਨੀਂਦ ਦੀ ਆਮਦ ਵਿਚ ਮਦਦ ਕਰ ਸਕਦੇ ਹੋ। ਹਰ ਰਾਤ ਇੱਕ ਖਾਸ ਸਮੇਂ ਉੱਤੇ ਸੌਣਾ ਅਤੇ ਸਵੇਰੇ ਇੱਕ ਖਾਸ ਸਮੇਂ ਉੱਠਣਾ ਚੰਗੀ ਨੀਂਦ ਪ੍ਰਾਪਤੀ ਵਿਚ ਬਹੁਤ ਮਦਦਗਾਰ ਸਾਬਤ ਹੋਣ ਦੇ ਸਮਰਥ ਹੈ।

(5) ਬੁਢਾਪੇ ਬਾਰੇ ਸਿਹਤਮੰਦ ਰਵੱਈਆ ਰੱਖੋ।

ਤੁਸੀਂ ਬੁਢਾਪੇ ਅਤੇ ਚੰਗੀ ਮਾਨਸਿਕ ਸਿਹਤ ਦੇ ਬਿਰਤਾਂਤ ਨੂੰ ਚੰਗੇਰਾ ਬਣਾਉਣ ਦੇ ਸਮਰਥ ਹੋ। ਬੁਢਾਪੇ ਬਾਰੇ ਬਹੁਤ ਸਾਰੀਆਂ ਨਕਾਰਾਤਮਕ ਧਾਰਨਾਵਾਂ ਪ੍ਰਚਲਤ ਹਨ। ਅਜਿਹੀ ਸੋਚ ਰੱਖਣਾ ਤੁਹਾਡੀ ਸਿਹਤ ਲਈ ਹਾਨੀਕਾਰਕ ਹੋ ਸਕਦਾ ਹੈ।

ਖੋਜ ਕਾਰਜਾਂ ਤੋਂ ਪਤਾ ਲੱਗਾ ਹੈ ਕਿ ਬੁਢਾਪੇ ਬਾਰੇ ਵਧੇਰੇ ਸਕਾਰਾਤਮਕ ਨਜ਼ਰੀਆ ਰੱਖਣ ਵਾਲੇ ਲੋਕ ਬੁਢਾਪੇ ਬਾਰੇ ਨਕਾਰਾਤਮਕ ਨਜ਼ਰੀਆ ਰੱਖਣ ਵਾਲਿਆਂ ਨਾਲੋਂ ਸਾਢੇ ਸੱਤ ਸਾਲ ਵਧੇਰੇ ਲੰਬੀ ਉਮਰ ਜੀਉਂਦੇ ਹਨ। ਇਸ ਦਾ ਭਾਵ ਹੈ ਕਿ ਜੇ ਤੁਸੀਂ ਬੁਢਾਪੇ ਬਾਰੇ ਨਕਾਰਾਤਮਕ ਜਾਂ ਪ੍ਰੰਪਰਾਵਾਦੀ ਸੋਚ ਰੱਖਦੇ ਹੋ, ਤਾਂ ਬਸ ਇਸ ਬਿਰਤਾਂਤ ਨੂੰ ਬਦਲੋ ਅਤੇ ਅਜਿਹੀ ਸੋਚ ਨੂੰ ਕਿਸੇ ਹੋਰ ਚੰਗੀ ਧਾਰਣਾ ਨਾਲ ਬਦਲ ਦਿਉ।


ਆਪਣੇ ਬਾਰੇ ਨਕਾਰਾਤਮਕ ਬਿਆਨ ਦੇਣ ਤੋਂ ਗੁਰੇਜ਼ ਕਰੋ ਅਤੇ ਇਸਨੂੰ ਬੁਢਾਪੇ ਨਾਲ ਨਾ ਜੋੜੋ। ਜਿਵੇਂ ਕਿ ਇਹ ਕਹਿਣਾ ਕਿ 'ਮੇਰੀ ਖੱਬੀ ਵੱਖੀ ਦਰਦ ਕਰ ਰਹੀ ਹੈ ਕਿਉਂ ਕਿ ਮੈਂ ਬੁੱਢੀ ਹੋ ਗਈ ਹਾਂ।' ਇਸ ਦੀ ਥਾਂ ਯਾਦ ਰੱਖੋ ਕਿ ਤੁਹਾਡੀ ਸੱਜੀ ਵੱਖੀ ਦਰਦ ਨਹੀਂ ਕਰ ਰਹੀ ਜਦ ਕਿ ਇਹ ਓਨੀ ਹੀ ਪੁਰਾਣੀ ਹੈ। ਸਿਰਫ਼ ਬਿਰਤਾਂਤ ਨੂੰ ਬਦਲੋ, ਅਜਿਹਾ ਕਰਨ ਨਾਲ ਸਕਾਰਾਤਮਕ ਵਿਚਾਰਾਂ ਵਿਚ ਵਾਧਾ ਹੋਵੇਗਾ। ਚਿੰਤਾ ਅਤੇ ਤਣਾਅ ਘੱਟੇਗਾ ਅਤੇ ਸਵੈ-ਮਾਣ ਵਧੇਗਾ।

# ਖੇਤੀਬਾੜੀ ਦੀ ਤਰੱਕੀ ਦੇ ਜੁਮੇਵਾਰ ਪੰਜਾਬੀ ਵਗਿਆਨੀ ਤੇ ਮਾਹਰ- ਭਾਗ 7

## ਡਾ. ਸਰਦਾਰ ਸੋਹਣ ਸਿੰਘ ਪਰਿਹਾਰ (15 ਜੁਲਾਈ 1932 – 22 ਅਪ੍ਰੈਲ 2015)

## ਫਸਲਾਂ ਲਈ ਪਾਣੀ ਵਰਤਣ ਤੇ ਬਚਾਉਣ ਦੇ ਮਾਹਰ

ਲੇਖਕ – ਡਾ. ਸਰਦਾਰ ਬਿਜੇ ਸਿੰਘ (ਵਿਨੀਪੈਗ), ਡਾ. ਸਰਦਾਰ ਕਾਬਲ ਸਿੰਘ (ਐਡਮਿੰਟਨ)



ਡਾ. ਪਰਿਹਾਰ ਦਾ ਜਨਮ ਨਵਾਂ ਸ਼ਹਿਰ ਵਿਚ ਕਰਨਾਨਾ ਪਿੰਡ ਵਿਚ ਹੋਇਆ। ਗੌਰਮਿੰਟ ਐਗਰੀਕਲਚਰ ਕਾਲਜ ਲੁਧਿਆਣਾ ਤੋਂ ਬੀ.ਐਸ.ਸੀ. (1952 ਵਿਚ) ਕਰ ਕੇ 1953 ਤੋਂ ਰਿਸਰਚ ਅਸਿਸਟੈਂਟ ਵਜੋਂ ਕੰਮ ਕੀਤਾ। 1959 ਵਿਚ ਕੰਮ ਦੇ ਨਾਲ 1961 ਚਿਣ ਐਮ.ਐਸ.ਸੀ. ਕਰਨ ਤੋਂ ਬਾਦ ਅਸਿੰਸਟੈਂਟ ਪ੍ਰੋਫੈਸਰ ਬਣੇਂ। ਓਹਾਇਓ ਸਟੇਟ ਯੂਨੀਵਰਸਿਟੀ ਤੋਂ ਪੀ.ਐਚ.ਡੀ. (1962–1965) ਕਰ ਕੇ ਪੰਜਾਬ ਐਗਰੀਕਲਚਰ ਯੂਨੀਵਰਸਿਟੀ (ਪੀ.ਏ.ਯੂ.) ਲੁਧਿਆਣਾ ਵਿਖੇ ਐਸੋਸੀਏਟ ਪ੍ਰੋਫੈਸਰ ਵਜੋ ਕੰਮ ਸ਼ੁਰੂ ਕੀਤਾ, ਅਤੇ 1971 ਤੋਂ 1991 ਵਿਚ ਸੌਇਲ ਫਿਜਿਕਸ ਦੇ ਪ੍ਰੋਫੈਸਰ ਰਹੇ। ਇਸ ਦੌਰਾਂਨ 1976–1977 ਵਿਚ ਆਂਧਰਾ ਪ੍ਰਦੇਸ਼ ਐਗਰੀਕਲਚਰ ਯੂਨੀਵਰਸਿਟੀ ਵਿਚ ਵਿਸਿਟਿੰਗ ਪ੍ਰੋਫੈਸਰ, 1983 ਤੋਂ 1987 ਪੀ.ਏ.ਯੂ. ਵਿਚ ਸੌਇਲ ਸਾਂਇੰਸ ਮਹਿਕਮੇ ਦੇ ਮੁਖੀ ਅਤੇ 1989–1990 ਵਿਚ ਟੈਕਸਾਸ ਏ. ਐਂਡ ਐਮ. ਯੂਨੀਵਰਸਿਟੀ ਵਿਚ ਵਿਜਿਟਿੰਗ ਪ੍ਰੋਫੈਸਰ ਵਜੋਂ ਰਹੇ। 1990–1994 ਵਿਚ ਪੈਪਸੀ ਐਗਰੋ-ਫੂਡ ਪਰੋਸੈਸਿੰਗ ਇਨਸਟੀਚੂਟ, ਲੁਧਿਆਣਾ, ਵਿਚ ਡਾਇਰੈਕਟਰ ਰਹੇ।

ਡਾ. ਪਰਿਹਾਰ ਨੂੰ ਫਸਲਾਂ ਲਈ ਸੁਚੱਜੇ ਢੰਗ ਨਾਲ ਪਾਣੀ ਵਰਤਣ ਲਈ ਭਾਰਤ ਵਿਚ ਸੱਭ ਤੋਂ ਵੱਧ ਮਾਹਰ ਜਾਣਿਆਂ ਜਾਂਦਾ ਹੈ। ਉਨ੍ਹਾਂ ਮੌਸਮ ਅਨੁਸਾਰ ਲੋੜ ਦੇ ਅਧਾਰ ਤੇ ਫਸਲਾਂ ਲਈ ਪਾਣੀਂ ਦੇਣ ਦਾ ਤਰੀਕਾ ਕੱਢਿਆ। ਜਿਸ ਖੋਜ ਦੀਆਂ ਕੁਝ ਉਦਾਹਰਣਾਂ ਹੇਠ ਲਿਖੀਆਂ ਹਨ:

- ਇੰਜ ਜੜਾਂ ਡੂੰਘੀਆਂ ਜਾ ਕੇ ਡੂੰਘੀ ਜ਼ਮੀਨ ਵਿਚੋਂ ਪਾਣੀ ਵਰਤ ਸਕਦੀਆਂ ਹਨ।
- ਝੋਨੇਂ ਲਈ ਜ਼ਮੀਨ ਉਪਰੋਂ ਪਾਣੀ ਖਤਮ ਹੋਂਣ ਤੋਂ 2 ਦਿਨ ਬਾਦ ਅਗਲਾ ਪਾਣੀਂ ਲਾਉਣ ਦੀ ਸਿਫਾਰਸ਼ ਕੀਤੀ।
- ਸਿਰਫ ਬਰਸਾਤੀ ਫਸਲਾਂ ਵਾਲੇ ਖੇਤਰਾਂ (ਜਿਵੇਂ ਕਾਂਡੀ ਖੇਤਰ) ਲਈ ਬਾਰਸ਼ ਦਾ ਪਾਣੀਂ ਇਕੱਠਾ ਕਰਕੇ, ਖਾਦਾਂ ਦੀ ਠੀਕ ਵਰਤੋਂ ਨਾਲ ਝਾੜ ਵਧਾਉਣ ਲਈ ਸਿਫਾਰਸ਼ ਕੀਤੀ।
- ਖਾਦਾਂ, ਫਸਲਾਂ ਦਾ ਰਹਿੰਦ ਖੂੰਦ ਅਤੇ ਜ਼ਮੀਨ ਵਾਹੁਣ, ਜਮੀਨ ਦਾ ਤਾਪਮਾਨ ਘਟਾ ਕੇ ਜੜਾਂ ਡੂੰਘੀਆਂ ਭੇਜ ਕੇ, ਝਾੜ ਵਧਾਇਆ।
- ਫਸਲਾਂ ਦੀਆਂ ਜੜਾਂ 3 ਮੀਟਰ ਡੂੰਘਾਈ ਤਕ ਲਭੀਆਂ ਤੇ ਜੜਾਂ ਲਈ ਅਜਾਇਬ ਘਰ ਬਣਾਇਆ।
- ਫਸਲਾਂ ਦੇ ਉਗਣ ਉਪਰ ਬੀਜਣ ਦੀ ਡੂੰਘਾਈ, ਪਾਣੀਂ ਤੇ ਤਾਪਮਾਨ ਦਾ ਅਸਰ ਲੱਭਿਆ।

- ਜ਼ਮੀਨ ਵਿਚੋਂ ਪਾਣੀ ਉੱਡਣ ਲਈ ਮੌਸਮ ਅਤੇ ਸਮੇਂ ਦੇ ਪ੍ਰਭਾਵ ਦਾ ਮੌਡਲ ਲੱਭਿਆ।

ਉਨ੍ਹਾਂ ਨੇ ਇਨ੍ਹਾਂ ਖੋਜਾਂ ਨਾਲ ਸਬੰਧਤ, ਰਾਸ਼ਟ੍ਰੀ ਅਤੇ ਅੰਤਰਰਾਸ਼ਟ੍ਰੀ ਰਸਾਲਿਆਂ ਵਿੱਚ 120 ਤੋਂ ਵੱਧ ਲੇਖ ਅਤੇ ਚਾਰ ਕਿਤਾਬਾਂ ਲਿਖੀਆਂ।

ਡਾ. ਪਰਿਹਾਰ ਨੇ 25 ਤੋਂ ਜ਼ਿਆਦਾ ਵਿਦਿਆਰਥੀਆਂ ਨੂੰ ਐੱਮ.ਐਸ.ਸੀ. ਤੇ ਪੀ.ਐਚ.ਡੀ. ਲਈ ਗਾਈਡ ਕੀਤਾ। ਮਹਿਕਮੇਂ ਦੇ ਮੁੱਖੀ ਵਜੋਂ ਕਰਮਚਾਰੀਆਂ ਤੇ ਵਿਦਿਆਰਥੀਆਂ ਨੂੰ ਕਿਸਾਨਾਂ ਦੀ ਮਦਦ ਕਰਨ ਲਈ ਪ੍ਰੇਰਿਆ। ਉਹ ਸੰਖੇਪ ਲਫਜਾਂ ਵਿਚ ਸਾਇੰਸ ਦੇ ਵਿਸ਼ਿਆਂ ਤੇ ਲਿਖਣ ਤੇ ਬੋਲਣ ਲਈ ਜਾਣੇ ਜਾਂਦੇ ਸੀ।

ਉਹ ਹੇਠ ਲਿਖੇ ਮਹੱਤਵਪੂਰਨ ਰਾਸ਼ਟ੍ਰੀ ਤੇ ਅੰਤਰਰਾਸ਼ਟਰੀ ਅਹੁਦਿਆਂ 'ਤੇ ਰਹੇ।

- ਵਾਈਸ ਪ੍ਰੈਜੀਟੈਂਟ, ਇੰਡੀਅਨ ਸੋਸਾਇਟੀ ਔਫ ਸੌਇਲ ਸਾਂਇਸ।
- ਵਾਈਸ ਪ੍ਰੈਜੀਟੈਂਟ, ਇੰਡੀਅਨ ਸੋਸਾਇਟੀ ਔਫ ਵਾਟਰ ਮੈਨੇਜਮੈਂਟ।
- ਵਾਈਸ ਚੇਅਰਮੈਨ, ਇੰਟਰਨੈਸ਼ਨਲ ਯੁਨੀਅਨ ਸੌਇਲ ਸਾਂਈਸ, ਕਮਿਸ਼ਨ।
- ਚੇਅਰਮੈਨ, ਇੰਟਰਨੈਸ਼ਨਲ ਯੁਨੀਅਨ ਸੌਇਲ ਸਾਂਇਸ, ਕਮਿਸ਼ਨ 1, 1982-1986।
- ਪੈਨਲ ਮੈਬਰ, ਇੰਡੀਅਨ ਕੌਂਸਲ ਐਗਰੀਕਲਚਰ ਰੀਸਰਚ ਕੌਂਸਲ (ICAR), ਸੌਇਲ ਤੇ ਐਗਰੋਨੋਮੈ ਰੀਵੀਉ ਕਮੇਟੀਆਂ।
- ਪੈਨਲ ਮੈਂਬਰ, ICAR, ਕੋਓਰਡੀਨੇਟਡ ਪਰੌਜੈਕਟਸ ਰੀਵੀਉ ਕਮੇਟੀਆਂ।
- 25 ਸਾਲਾ ਰਵੀਉ ਟੀਮ ਮੈਂਬਰ, ICAR, ਵਾਟਰ ਮੈਨੇਜਮੈਂਟ ਤੇ ਸੌਇਲ ਸਲਿਨਿਟੀ।
- 25 ਸਾਲਾ ਰਵੀਉ ਟੀਮ ਮੈਂਬਰ, ICAR, ਡਰਾਈਲੈਂਡ ਐਗਰੀਕਲਚਰ।
- ਸਲਾਹਕਾਰ, ਇੰਟਰਨੈਸ਼ਨਲ ਕਰੌਪ ਰੀਸਰਚ ਇਨਸਟੀਚਿਊਟ ਸੈਮੀ ਐਰਿਡ ਟਰੌਪਿਕਸ (ICRISAT), ਫਾਰਮਿੰਗ ਸਿਸਟਮ ਪ੍ਰੋਗਰਾਂਮ ਵਿਚ ਐਨਵਾਈਰੋਮੈਂਟਲ ਫਿਜਿਕਸ।
- ਕੋਔਰਡੀਨੇਟਰ ਅਤੇ ਚੇਅਰਮੈਂਨ, ਸਿੰਮਪੋਜੀਅੰਮ ਔਂਨ ਔਪਟੀਮਾਇਜਿਗ ਸੌਇਲ ਫਿਜਿਕਲ ਪਰੋਪਰਟੀਜ, ਨਮਬਰਗ, ਜਰਮਨੀ।

## ਸਨਮਾਨ

- ਫੈਲੋ, ਇੰਡੀਅਨ ਨੈਸ਼ਨਲ ਸਾਇੰਸ ਅਕੈਡਮੀ।
- ਫੈਲੋ, ਨੈਸ਼ਨਲ ਅਕੈਡਮੀ ਐਗਰੀਕਚਰ ਸਾਇੰਸਜ।
- ਫੈਲੋ, ਇੰਡੀਅਨ ਸੋਸਾਇਟੀ ਸੌਇਲ ਸਾਇੰਸ।
- ਫੈਲੋ, ਪੰਜਾਬ ਅਕੈਡਮੀ ਸਾਇੰਸਜ।
- ਫੈਲੋ, ਦ ਅਮੈਰਿਕਨ ਸੋਸਾਇਟੀ ਔਫ ਐਗਰੋਨੋਮੀ।
- ਔਨਰੇਰੀ ਮੈਂਬਰ, ਇੰਡੀਅਨ ਸੋਸਾਇਟੀ ਸੌਇਲ ਸਾਇੰਸ।
- ਰਫੀ ਐੱਹਮਦ ਕਿਦਵਾਈ ਇਨਾਮ।
- ਸਿਲਵਰ ਜੁਬਲੀ ਅਵਾਰਡ, ਫਰਟਿਲਾਈਜਰ ਐਸੋਸੀਐਸ਼ਂਨ ਔਫ ਇੰਡੀਆਂ।
- ਟੀਮ ਰੀਸਰਚ ਇਨਾਮ, ICAR।
- ਕਰਿਸ਼ੀ ਭਾਰਤੀ ਇਨਾਮ।
- ਓਮ ਪ੍ਰਕਾਸ਼ ਭਸੀਨ ਮੈਂਮੋਰੀਅਲ ਇਨਾਮ ।
- ਡਾ. ਐਂਨ. ਐਸ. ਰੰਧਾਵਾ ਸੋਨੇ ਦਾ ਤਗਮਾਂ, ਉਮਰ ਭਰ ਦੀਆਂ ਉਪਲਬਦੀਆਂ ਲਈ ਨੈਸ਼ਨਲ ਅਕੈਡਮੀ ਐਗਰੀਕਲਚਰਲ ਸਾਇੰਸ ਵਲੋਂ।

# ਸਾਡੀਆਂ ਇੱਛਾਵਾਂ ਤੇ ਸਚਿਆਰਤਾ ਦਾ ਟੀਚਾ

ਸਰਦਾਰ ਮੋਨਿੰਦਰ ਸਿੰਘ, ਏਅਰਡ੍ਰੀ, ਕੈਲਗਰੀ (ਕੈਨੇਡਾ)

ਆਪੀਨੈ੍ ਭੋਗ ਭੋਗਿ ਕੈ ਹੋਇ ਭਸਮੜਿ ਭਉਰੁ ਸਿਧਾਇਆ ॥ ਵਡਾ ਹੋਆ ਦੁਨੀਦਾਰੁ ਗਲਿ ਸੰਗਲੁ ਘਤਿ ਚਲਾਇਆ ॥

(ਇੱਕ ਭੌਰੇ ਵਾਂਗ, ਮੈਂ ਦੁਨਿਆਵੀ ਪਦਾਰਥਾਂ ਨੂੰ ਭੋਗ ਕੇ ਜ਼ਿੰਦਗੀ ਖ਼ਾਕ ਕਰ ਲਈ। ਵਡਿਆਈ ਦੇ ਮੋਹ ਨੇ ਮੈਨੂੰ ਸੰਗਲ ਵਾਂਗ ਜਕੜ ਲਿਆ ਹੈ।

ਅਸੀਂ ਆਪਣੇ ਕਰੀਬੀ ਲੋਕਾਂ ਤੋਂ ਉਮੀਦਾਂ ਰੱਖਦੇ ਹਾਂ, ਜੋ ਆਖਿਰ ਦੁੱਖਾਂ ਦਾ ਕਾਰਣ ਬਣਦੀਆਂ ਹਨ। ਕੁੱਝ ਇੱਛਾਵਾਂ ਸਦੀਵੀਂ ਆਨੰਦ ਅਤੇ ਕੁੱਝ ਦੁੱਖ ਦਾ ਕਾਰਨ ਬਣਦੀਆਂ ਹਨ। ਇੱਕ ਸਿੱਖ ਲਈ ਮੁੱਖ ਟੀਚਾ ਸਚਿਆਰ ਬਣਨਾ ਤੇ ਇੱਛਾਵਾਂ ਉਪਰ ਕਾਬੂ ਪਾਉਣਾ ਹੈ। ਇੱਛਾਵਾਂ ਨੂੰ ਗੁਰਬਾਣੀ ਵਿੱਚ ਆਸ, ਭੁੱਖ, ਭੋਗ, ਕਾਮੁ, ਤ੍ਰਿਸ਼ਨਾ ਵੀ ਕਿਹਾ ਗਿਆ ਹੈ ਤੇ ਇਸਨੂੰ ਸੰਗਲ, ਬਿਖੁ ਆਦਿ ਵਿਸ਼ੇਸ਼ਣ ਵੀ ਦਿੱਤੇ ਗਏ ਹਨ। ਆਪਣੀਆਂ ਇੱਛਾਵਾਂ ਬਾਰੇ ਸਾਨੂੰ ਬੇਹੱਦ ਸੁਚੇਤ ਹੋਣ ਦੀ ਲੋੜ ਹੈ। ਇਹ ਕਿਵੇਂ ਬਣਦੀਆਂ ਨੇ, ਇਨ੍ਹਾਂ ਦਾ ਸਾਡੇ ਮਨ ਅਤੇ ਸੁਭਾਅ ਉੱਪਰ, ਸਾਡੇ ਰੂਹਾਨੀ ਰਸਤੇ ਉੱਪਰ ਕੀ ਅਸਰ ਪਵੇਗਾ? ਇਹ ਜਾਣਨ ਲਈ ਸਾਨੂੰ ਮਾਨਸਿਕ ਮੁਸ਼ੱਕਤ ਕਰਨੀ ਪਵੇਗੀ। ਇਨਸਾਨ ਦੀਆਂ ਇੱਛਾਵਾਂ ਕੀ ਹਨ ?

1.ਆਪਣੀਆਂ ਮੁੱਢਲੀਆਂ ਜ਼ਰੂਰਤਾਂ ਪੂਰੀਆਂ ਕਰਨ ਲਈ ਜ਼ਰੂਰੀ ਪੈਸੇ ਤੋਂ ਲੈ ਕੇ ਦੁਨੀਆ ਦਾ ਸਭ ਤੋਂ ਅਮੀਰ ਇਨਸਾਨ ਬਣਨ ਦੀ ਇੱਛਾ।



2. ਘਰ, ਰਾਜਨੀਤਿਕ ਸ਼ਕਤੀ, ਦੂਜੇ ਗ੍ਰਹਿਆਂ ਉੱਪਰ ਕਬਜ਼ਾ ਕਰਣ ਦੀ ਇੱਛਾ।

3. ਸਭ ਤੋਂ ਖ਼ੂਬਸੂਰਤ ਦਿਖਣ ਦੀ ਚਾਹਤ।

4. ਆਪਣੇ ਸਕੂਲ, ਪਿੰਡ, ਸ਼ਹਿਰ ਤੇ ਦੁਨੀਆਂ ਵਿੱਚ ਇੱਜ਼ਤ, ਮਾਣ ਖੱਟਣ ਦੀ ਇੱਛਾ।

5. ਸਭ ਤੋਂ ਸਮਝਦਾਰ, ਖ਼ੂਬਸੂਰਤ ਅਤੇ ਬੇਹਤਰੀਨ ਹਮਸਫਰ ਪਾਉਣ ਦੀ ਇੱਛਾ।

6. ਨੌਕਰ ਰੱਖਣ, ਨਿਜੀ ਜਹਾਜ਼ ਅਤੇ ਹਰ ਖ਼ੂਬਸੂਰਤ ਥਾਂ ਉੱਤੇ ਰਹਿਣ, ਦੇਖਣ ਤੋਂ ਲੈ ਕੇ ਪੁਲਾੜ ਤੱਕ ਦੇ ਸਫ਼ਰ ਦੀ ਇੱਛਾ। ਦੁਨੀਆ ਦਾ ਹਰ ਸਵਾਦੀ ਪਕਵਾਨ ਖਾਉਣ ਦੀ ਇੱਛਾ।

7. ਬਿਮਾਰੀ ਅਤੇ ਮੌਤ ਤੋਂ ਦੂਰ ਰਹਿਣਾ : ਤੰਦਰੁਸਤੀ,, ਕਦੇ ਵੀ ਨਾ-ਮਰਨ ਦੀ ਇੱਛਾ।

8. ਦੂਜਿਆਂ, ਰਿਸ਼ਤੇਦਾਰਾਂ, ਦੋਸਤਾਂ ਤੋਂ ਹਰ ਪੱਖੋਂ ਅੱਗੇ ਨਿਕਲਣ ਦੀ ਇੱਛਾ।

9. ਇੱਛਾ ਕੋਈ ਦੁੱਖ ਜਾਂ ਚਿੰਤਾ ਨਾ ਹੋਣ ਦੀ : ਜਦੋਂ ਕੋਈ ਦੁੱਖ, ਚਿੰਤਾ ਨਾ ਹੋਵੇ।

10. ਇੱਛਾ ਸਭ ਕੁੱਝ ਜਲਦੀ ਹੋਣ ਦੀ: ਹਰ ਇੱਛਾ ਜਲਦ, ਸਮੇਂ ਤੋਂ ਪਹਿਲਾਂ ਪੂਰੀ ਹੋਣ ਦੀ।

11. ਸਾਰੀਆਂ ਇੱਛਾਵਾਂ ਪੂਰਨ ਹੋਣ ਦੀ ਇਛਾ ।

12. ਘਰ ਦੇ ਮੈਂਬਰ, ਮੇਰੇ ਸੰਪਰਕ ਵਿੱਚ ਆਉਣ ਵਾਲੇ ਆਦਮੀ ਮੇਰੇ ਮੁਤਾਬਕ ਵਿਚਰਣ।

13. ਇੱਛਾਵਾਂ ਇਸੇ ਜ਼ਿੰਦਗੀ ਤੱਕ ਸੀਮਿਤ ਨਹੀਂ ਹਨ। ਸਾਨੂੰ ਮੌਤ ਤੋਂ ਬਾਅਦ ਦੇ ਐਸ਼ੋ-ਆਰਾਮ ਦੀ ਵੀ ਓਨੀ ਹੀ ਇੱਛਾ ਹੈ। ਕਿਸੇ ਨੂੰ ਸਵਰਗ ਦੀ ਇੱਛਾ ਹੈ, ਕਿਸੇ ਨੂੰ ਬੇਹਤਰ ਜਨਮ ਦੀ ਤੇ ਕਿਸੇ ਨੂੰ ਦੁਬਾਰਾ ਜਨਮ ਨਾ ਲੈਣ ਦੀ।

14. ਦੂਜਿਆਂ ਲਈ ਕੁੱਝ ਕਰਨ ਦੀ ਇੱਛਾ : ਲੋਕਾਂ, ਸਮਾਜ, ਕੌਮ, ਦੇਸ਼, ਪੂਰੀ ਮਨੁੱਖਤਾ ਦੇ ਭਲੇ ਲਈ, ਕੁੱਝ ਯੋਗਦਾਨ ਪਾਵਾਂ।

15. ਸਰਬੱਤ ਦੇ ਭਲੇ ਦੀ, ਹਰ ਮਜ੍ਹਬ, ਫਿਰਕੇ ਦੇ ਪ੍ਰਾਣੀ ਦੇ ਭਲੇ ਦੀ ਇੱਛਾ।

16. ਬਾਬੇ ਨਾਨਕ ਵੱਲੋਂ ਦੱਸੇ ਸਚਿਆਰਤਾ ਦੇ ਟੀਚੇ, ਖੇੜੇ ਅਤੇ ਸ਼ਾਂਤ ਮਨ ਦੀ ਇਛਾ।

ਕਿਹੜੀਆਂ ਇੱਛਾਆਂ ਸਾਡੇ ਲਈ ਚੰਗੀਆਂ ਜਾਂ ਮਾੜੀਆਂ ਹਨ। ਇਹ ਜਾਣਨ ਲਈ ਇੱਕੋ ਮਾਪਦੰਡ ਹੈ। ਉਹ ਹੈ ਗੁਰੂ ਦੀ ਮੱਤ, ਜੋ ਸਾਨੂੰ ਸਿਰਫ਼ ਗੁਰਬਾਣੀ ਵਿੱਚੋਂ ਹੀ ਮਿਲਣੀ ਹੈ।

ਆਪਣੇ ਪਰਿਵਾਰ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਨਾ ਸਾਡੀ ਜ਼ਿੰਮੇਵਾਰੀ ਹੈ। ਬਾਬੇ ਨਾਨਕ ਨੇ ਜੋਗੀਆਂ ਨੂੰ ਪਹਾੜਾਂ ਦੀਆਂ ਗੁਫਾਵਾਂ ਛੱਡ ਕੇ ਆਪਣੀਆਂ ਜ਼ਿੰਮੇਵਾਰੀਆਂ ਪੂਰਨ ਕਰਨ ਅਤੇ ਅਕਾਲ ਪੁਰਖ ਦੀ ਪ੍ਰਾਪਤੀ ਦਾ ਉਪਦੇਸ਼ ਦਿੱਤਾ।

ਦਾਲਿ ਸੀਧਾ ਮਾਗਉ ਘੀਉ ॥ ਹਮਰਾ ਖੁਸੀ ਕਰੈ ਨਿਤ ਜੀਉ ॥ ਪਨ੍ਹੀਆ ਛਾਦਨੁ ਨੀਕਾ ॥ ਅਨਾਜੁ ਮਗਉ ਸਤ ਸੀ ਕਾ ॥੧॥ ਗਊ ਭੈਸ ਮਗਉ ਲਾਵੇਰੀ ॥ ਇਕ ਤਾਜਨਿ ਤੁਰੀ ਚੰਗੇਰੀ ॥ ਘਰ ਕੀ ਗੀਹਨਿ ਚੰਗੀ ॥ ਜਨੁ ਧੰਨਾ ਲੇਵੈ ਮੰਗੀ ॥੨॥੪॥ {ਪੰਨਾ 695}। ਭਗਤ ਧੰਨਾ ਜੀ।

ਜੇ ਧਨ-ਦੌਲਤ ਦੀ ਇੱਛਾ, ਕਿਸੇ ਨੂੰ ਮਾਰ ਕੇ, ਬਰਬਾਦ ਕਰਕੇ, ਹੱਕ ਮਾਰਕੇ, ਝੂਠ, ਠੱਗੀ, ਫਰੇਬ ਕਰਕੇ ਹੈ ਤਾਂ ਇਹ ਰਾਹ ਸਚਿਆਰ ਨਹੀਂ, ਕੂੜਿਆਰ ਹੈ। ਹੱਕ ਸੱਚ ਨਾਲ ਕੀਤੀ ਕਮਾਈ ਵਿੱਚ ਬੁਰਾਈ ਨਹੀਂ।। ਬਾਬਾ ਨਾਨਕ ਨੇ ਧਰਮ ਦੀ ਕਿਰਤ ਕਰਨ ਦਾ ਉਪਦੇਸ਼ ਦਿੱਤਾ ਹੈ।

ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ ॥ ਗੁਰੁ ਪੀਰੁ ਹਾਮਾ ਤਾ ਭਰੇ ਜਾ ਮੁਰਦਾਰੁ ਨ ਖਾਇ ॥ {ਪੰਨਾ 141} ।

ਕਿਸੇ ਦਾ ਹੱਕ ਖਾਣਾ ਓਨਾ ਹੀ ਮਾੜਾ ਹੈ ਜਿਨਾ ਸੂਰ ਜਾਂ ਗਾਂ ਖਾਣਾ।

ਹੁਕਮੁ ਦੇ ਉਲਟ, ਆਪਣੀ ਔਕਾਤ ਤੋਂ ਵੱਡੀ ਇੱਛਾ ਰਖਣੀ ਪਰ ਮਿਹਨਤ ਨਾ ਕਰਿਆਂ ਉਲਾਂਭੇ ਤੇ ਖਿਝ ਪੈਦਾ ਹੁੰਦੀ ਹੈ। ਸਮੇਂ ਤੋਂ ਪਹਿਲਾਂ ਅਤੇ ਕਦੇ ਮੁਸ਼ਕਲ ਸਮਾਂ ਨਾ ਦੇਖਣ ਦੀਆਂ ਇੱਛਾਵਾਂ ਪੂਰੀਆਂ ਹੋਣ ਦੀ ਸੰਭਾਵਨਾ ਹੀ ਨਹੀਂ।

ਆਪੇ ਕਰਿ ਕਰਿ ਵੇਖਦਾ ਆਪੇ ਸਭੁ ਸਚਾ॥ ਜੋ ਹੁਕਮੁ ਨ ਬੂਝੈ ਖਸਮ ਕਾ ਸੋਈ ਨਰੁ ਕਚਾ ॥ {ਪੰਨਾ 1094}।

ਹਰ ਪਾਸੇ ਉਸ ਸਦੀਵੀ ਅਕਾਲ ਪੁਰਖ ਦਾ ਹੁਕਮੁ ਵਰਤ ਰਿਹਾ ਹੈ। ਜੇ ਕੋਈ ਹੁਕਮੁ ਨਹੀਂ ਪਛਾਣਦਾ ਤਾਂ ਉਹ ਸਚਿਆਰ ਬਣਨ ਲਈ ਹਾਲੇ ਕਾਬਿਲ ਨਹੀਂ ਹੋਇਆ। ਇਹ ਹੁਕਮੁ ਦੇ ਵਿਰੁੱਧ ਹੈ ਕਿ ਅਸੀਂ ਗਲਤ ਤਰੀਕਿਆਂ ਨਾਲ ਜ਼ਰੂਰਤ ਤੋਂ ਜ਼ਿਆਦਾ ਦੁਨਿਆਵੀ ਪਦਾਰਥ, ਤਾਕਤ ਆਦਿ ਇਕੱਠਾ ਕਰੀਏ। ਇਹ ਸਾਨੂੰ ਖ਼ੁਸ਼ੀ, ਸੁੱਖ ਤੇ ਖੇੜੇ ਵਿੱਚ ਨਹੀਂ ਰੱਖਣਗੇ। ਇਹ ਭਰਮ ਸਾਡੀ ਸਾਡੇ ਸੁੱਖ-ਚੈਨ ਲਈ ਜ਼ਹਿਰ ਹੈ।

ਬਹੁਤੀ ਵਾਰ ਅਸੀਂ ਲੋੜ ਤੋਂ ਵੱਡੀਆਂ ਇਛਾਵਾਂ ਲਈ ਕਰਜੇ ਲੈਂਦੇ ਹਾਂ। ਬਾਅਦ ਵਿੱਚ ਇਹ ਘਰੇਲੂ ਕਲੇਸ਼, ਡਿਪਰੈਸ਼ਨ, ਦੁੱਖ ਅਤੇ ਅਪਰਾਧ ਦਾ ਕਾਰਣ ਬਣਦੇ ਹਨ। ਅੰਤਰਿ ਤ੍ਰਿਸਨਾ ਭੁਖ ਹੈ ਮੂਰਖ ਭੁਖਿਆ ਮੁਏ ਗਵਾਰ ॥ {ਪੰਨਾ 647}

ਇਛਾ ਨੂੰ ਪੂਰਾ ਕਰਨ ਲਈ ਉਪਰਾਲੇ ਕਰਕੇ ਜਾਂ ਬਾਅਦ ਵਿਚ ਸਚਿਆਰਤਾ ਵੱਲ ਜਾਂਦੇ ਜਾਂ ਦੂਰ? ਰੱਬੀ ਗੁਣ ਪੈਦਾ ਹੋਣਗੇ ਜਾਂ ਫਿਰ ਅਉਗਣ? ਇੱਛਾ ਸਾਡੀ ਮਰਜ਼ੀ ਤੋਂ ਬਿਨਾ ਨਹੀਂ ਪੈਦਾ ਹੁੰਦੀ। ਇੱਛਾ ਪਿੱਛੇ ਕੀ ਈਰਖਾ, ਹੀਣ ਭਾਵਨਾ, ਕਿਸੇ ਨੂੰ ਨੀਵਾਂ ਦਿਖਾਉਣਾਂ ਤਾਂ ਨਹੀਂ? ਮਨ ਤੇ ਐਸਾ ਕੰਟਰੋਲ ਚਾਹੀਦਾ ਹੈ ਕਿ ਇਹ ਸਾਡੀ ਮਰਜ਼ੀ ਤੋਂ ਬਿਨਾ ਕੋਈ ਇੱਛਾ ਪੈਦਾ ਨਾ ਕਰੇ। ਫਿਰ ਕਿਸੇ ਦੀ ਅਮੀਰੀ ਤੋਂ ਮਨ ਉਦਾਸ ਨਹੀਂ ਹੋਵੇਗਾ। ਬਹੁਤੀਆਂ ਇਛਾਵਾਂ ਕਦੇ ਪੂਰੀਆਂ ਨਹੀਂ ਹੋਣੀਆਂ। ਜੇ ਕੁੱਝ ਹੋ ਵੀ ਜਾਣ ਤਾਂ ਜੋ ਨਹੀਂ ਹੋਈਆਂ ਉਹਨਾਂ ਕਰਕੇ ਦੁੱਖ ਦੀ ਗਰੰਟੀ ਹੈ।

ਹਜਾਰਾਂ ਕੰਪਨੀਆਂ ਦਾ ਸਿਰਫ਼ ਇੱਕੋ ਕੰਮ ਹੈ ਕਿ ਲੋਕਾਂ ਵਿੱਚ ਉਹਨਾਂ ਦੇ ਮਾਲ ਪ੍ਰਤੀ ਇੱਛਾ ਪੈਦਾ ਕੀਤੀ ਜਾਵੇ, ਉਸ ਦੀ ਲੋੜ ਭਾਵੇਂ ਨਾ ਹੋਵੇ। ਇਹ ਅਹਿਸਾਸ ਕਰਵਾਇਆ ਜਾਂਦਾ ਹੈ ਕਿ ਜੇ ਤੁਸੀਂ ਉਹਨਾਂ ਦਾ ਮਾਲ ਨਹੀਂ ਖ਼ਰੀਦੋਗੇ ਤਾਂ ਤੁਸੀਂ ਇੱਕ ਨਾਕਾਮਯਾਬ ਇਨਸਾਨ ਹੋ, ਇੱਕ ਚੰਗੇ ਪਤੀ ਜਾਂ ਇੱਕ ਚੰਗੇ ਪਿਤਾ ਨਹੀਂ ਹੋ। ਇਸ ਲਈ ਬਿਜ਼ਨੇਸ ਦੀ ਪੜ੍ਹਾਈ ਕਰਵਾਈ ਜਾਂਦੀ ਹੈ। ਇੱਛਾ ਪੈਦਾ ਕਰਨ ਤੋਂ ਪਹਿਲਾਂ ਉਸ ਨੂੰ ਪੂਰਾ ਕਰਨ ਅਤੇ ਪੂਰੇ ਹੋਣ ਜਾਂ ਪੂਰੇ ਨਾ ਹੋਣੇ ਦੇ ਨਤੀਜੇ ਜਾਣਨਾ ਜ਼ਰੂਰੀ ਹੈ। ਇੱਛਾ ਦਾ ਸਰੋਤ ਕੀ ਹੈ, ਇਹ ਪੈਦਾ ਕਿਉਂ ਹੋ ਰਹੀ ਹੈ ? ਕਾਰਣ ਮੇਰੀ ਜ਼ਿੰਮੇਵਾਰੀ, ਸਰਬੱਤ ਦਾ ਭਲਾ ਹੈ ਜਾਂ ਹਉਮੈਂ ਤੇ ਹੀਣ ਭਾਵਨਾ ?

ਇੱਛਾ ਪੂਰੀ ਕਰਨ ਲਈ ਮਿਹਨਤ ਕਰ ਵੀ ਸਕਦੇ ਹੋ ਜਾਂ ਨਹੀਂ। ਇੱਛਾ ਪੂਰੀ ਨਾ ਹੋਈ ਤਾਂ ਉਸ ਲਈ ਕੀਤੀ ਮਿਹਨਤ, ਪੈਸਾ ਤੇ ਸਮੇਂ ਦੀ ਭਰਪਾਈ ਕਿਵੇਂ ਹੋਵਗੀ, ਨਿਰਾਸ਼ਤਾ ਤਾਂ ਨਹੀਂ ਹੋਵੇਗੀ। ਇੱਛਾਵਾਂ ਨੂੰ ਸਾਰੀ ਉਮਰ ਢੋਹਣਾ ਸੌਖਾ ਨਹੀਂ ਹੁੰਦਾ। ਇੱਛਾਵਾਂ ਘੱਟ ਹੋਣਗੀਆਂ ਤਾਂ ਪੂਰੀਆਂ ਹੋਣ ਦੇ ਆਸਾਰ ਵੀ ਜ਼ਿਆਦਾ ਹੋਣਗੇ। ਇਹ ਕਬਜ਼ੇ ਵਿੱਚ ਹੋਣੀਆਂ ਚਾਹੀਦੀਆਂ ਨੇ। ਅਸੀਂ ਖ਼ੁਦ ਇੱਨ੍ਹਾਂ ਦੇ ਕਬਜ਼ੇ ਵਿੱਚ ਨਾ ਰਹੀਏ।

ਪੰਚ ਦੂਤ ਤੁਧੁ ਵਸਿ ਕੀਤੇ ਕਾਲੁ ਕੰਟਕੁ ਮਾਰਿਆ॥ ਗੁਰੂ ਦੀ ਕਿਰਪਾ ਨਾਲ ਮੈਂ ਪੰਜੇ ਅਉਗਣ (ਕਾਮੁ, ਕ੍ਰੋਧ, ਲੋਭ, ਮੋਹ, ਅਹੰਕਾਰ) ਕਾਬੂ ਕਰ ਕੇ ਮੌਤ ਦਾ ਡਰ ਖ਼ਤਮ ਦਿੱਤਾ ਹੈ।

ਸਿੱਖ ਦਾ ਟੀਚਾ ਸਚਿਆਰਤਾ ਦੇ ਰਾਹ ਤੇ ਆਪਣੀਆਂ ਜ਼ਿੰਮੇਵਾਰੀਆਂ ਨਿਭਾਉਂਦੇ ਹੋਏ ਉਸ ਮਾਨਸਿਕ ਸਥਿਤੀ ਵਿੱਚ ਪਹੁੰਚਣਾ ਹੈ ਜਿਥੇ ਆਤਮਿਕ ਖੁਸ਼ੀ ਇੱਛਾ ਤੇ ਨਿਰਭਰ ਨਾ ਹੋਵੇ।

ਮਾਝ ਮਹਲਾ ੫ ॥ ਪਾਰਬ੍ਰਹਮਿ ਪ੍ਰਭਿ ਮੇਘੁ ਪਠਾਇਆ ॥ ਜਲਿ ਥਲਿ ਮਹੀਅਲਿ ਦਹ ਦਿਸਿ ਵਰਸਾਇਆ ॥ ਸਾਂਤਿ ਭਈ ਬੁਝੀ ਸਭ ਤ੍ਰਿਸਨਾ ਅਨਦੁ ਭਇਆ ਸਭ ਠਾਈ ਜੀਉ ॥੧॥

ਭਾਵ: ਮਾਲਕ ਨੇ ਆਪਣੀ ਕਿਰਪਾ ਦਾ ਬੱਦਲ ਭੇਜ ਮੇਰੇ ਮਨ ਵਿੱਚ ਕਿਰਪਾ ਦਾ ਮੀਂਹ ਬਰਸਾਇਆ ਅਤੇ ਤ੍ਰਿਸ਼ਨਾ ਦੀ ਅੱਗ ਬੁਝ ਗਈ ਹੈ। ਮੇਰਾ ਮਨ ਹੁਣ ਹਰ ਪਾਸਿਓਂ ਸ਼ਾਂਤੀ ਅਤੇ ਆਨੰਦ ਨਾਲ ਲਬਰੇਜ਼ ਹੈ।

***

E-mail: terahukum@gmail.com)

# ਅੰਮ੍ਰਿਤੁ ਗੁਰ ਤੇ ਪਾਇਆ

ਪ੍ਰੋਫੈਸਰ ਸਰਦਾਰ ਮਨਿੰਦਰ ਸਿੰਘ, ਐਡਮਿੰਟਨ (ਕੈਨੇਡਾ)

ਗੁਰਬਾਣੀ ਵਿਚ ਅੰਮ੍ਰਿਤ ਸ਼ਬਦ ਕਈ ਅਰਥਾਂ ਵਿਚ ਵਰਤਿਆ ਗਿਆ ਹੈ। ਮਹਾਨ ਕੋਸ਼ ਵਿਚ ਇਹ ਦੁਧ, ਮੱਖਣ, ਚੰਗੇ ਪਦਾਰਥਾਂ, ਮਿਠਾਸ, ਮਧੁਰਤਾ ਆਦਿਕ ਗੁਣਾਂ, ਮੌਤ ਰਹਿਤ ਅਮਰ ਪਦ ਅਤੇ ਗੁਰਉਪਦੇਸ਼ ਲਈ ਅਤੇ ਰਸਦਾਇਕ ਭੋਜਨ, ਅਨਾਜ, ਰੋਗਨਾਸ਼ਕ ਦਵਾ. ਸੁੰਦਰ, ਪਿਆਰਾ ਲਈ ਵੀ ਵਰਤਿਆ ਗਿਆ ਹੈ।

ਮਹਾਭਾਰਤ ਵਿਚ ਦੇਵਤਿਆਂ ਤੇ ਦੈਂਤਾਂ ਨੇ ਰਲਕੇ ਸਮੁੰਦਰ ਰਿੜਕਿਆਂ ਤਾਂ ਨਿਕਲੇ ਚੌਦਾਂ ਰਤਨਾਂ ਵਿਚ ਇਕ ਅਮ੍ਰਿੰਤ ਸੀ, ਜੋ ਵਿਸ਼ਨੂੰ ਨੇ ਮੋਹਿਨੀ ਰੂਪ ਧਾਰ ਕੇ ਦੈਂਤਾਂ ਤੋਂ ਲੈ ਕੇ ਦੇਵਤਿਆਂ ਨੂੰ ਪਿਲਾਇਆ। ਸਿੱਧਾਂ ਨੇ ਇਸ ਨੂੰ ਮਹਾਂ ਰਸ ਜਾਂ ਸੁਖ ਕਿਹਾ। ਉਨ੍ਹਾਂ ਦੀ ਹਠ ਸਾਧਨਾ ਦਾ ਉਦੇਸ਼ ਅੰਮ੍ਰਿਤ ਰਸ ਪ੍ਰਾਪਤ ਕਰਨਾ ਸੀ। ਇਸਲਾਮ ਵਿਚ ਅੰਮ੍ਰਿਤ ਆ-ਬਿ-ਹਯਾਤ (ਜ਼ਿੰਦਗੀ ਦੇਣ ਵਾਲਾ ਜਲ) ਹੈ। ਜਿਸ ਨੂੰ ਖਵਾਜਾ ਖਿਜਰ ਨੇ ਬੜੇ ਜਤਨਾਂ ਨਾਲ ਲਭ ਕੇ ਪੀਤਾ ਸੀ। ਗੁਰਬਾਣੀ ਵਿਚ ਭਗਤੀ ਨੂੰ ਅੰਮ੍ਰਿਤ ਦਸਿਆ ਹੈ।

ਅੰਮ੍ਰਿਤੁ ਹਰਿ ਹਰਿ ਨਾਮੁ ਹੈ ਮੇਰੀ ਜਿੰਦੁੜੀਏ ਅੰਮ੍ਰਿਤੁ ਗੁਰਮਤਿ ਪਾਏ ਰਾਮ॥ ਹਉਮੈ ਮਾਇਆ ਬਿਖੁ ਹੈ ਮੇਰੀ ਜਿੰਦੁੜੀਏ ਹਰਿ ਅੰਮ੍ਰਿਤਿ ਬਿਖੁ ਲਹਿ ਜਾਏ ਰਾਮ॥ (ਅੰਗ-538).

ਕਬੀਰ ਜੀ ਨੇ ਹੋਰ ਭਗਤੀ ਦੇ ਸਾਧਨਾਂ ਨਾਲੋਂ ਨਾਮ-ਅੰਮ੍ਰਿਤ ਨੂੰ ਸ੍ਰੇਸ਼ਟ ਕਿਹਾ ਹੈ। ਜਪ, ਸਮਾਧੀਆਂ, ਤੀਰਥ ਇਸ਼ਨਾਨ ਤੇ ਪ੍ਰਾਣਾਯਾਂਮ ਦਾ ਕੌਡੀ ਮੁੱਲ ਨਹੀਂ। ॥(ਅੰਗ-968/969).

ਨਿਝਰ ਧਾਰ ਚੁਐ ਅਤਿ ਨਿਰਮਲ ਇਹ ਰਸ ਮਨੂਆ ਰਾਤੋ ਰੇ॥ ਕਹਿ ਕਬੀਰ ਸਗਲੇ ਮਦ ਛੂਛੇ ਇਹੈ ਮਹਾ ਰਸੁ ਸਾਚੋ ਰੇ॥4॥

ਅੰਮ੍ਰਿਤ ਬਾਣੀ ਦੁਆਰਾ ਮਿਲਦਾ ਹੈ ਜੋ ਗੁਰੂ ਦੀ ਸ਼ਰਣ ਪਿਆਂ ਹੀ ਮਨ ਵਿਚ ਵਸਦਾ ਹੈ। ਹਿਰਦੇ ਦਾ ਕੰਵਲ ਫੁਲ ਖਿੜਦਾ ਹੈ, ਜਿੰਦ ਪ੍ਰਮਾਤਮਾਂ ਦੀ ਜੋਤਿ ਵਿਚ ਮਿਲਦੀ ਹੈ।ਉਸ ਨੇ ਗੁਰੂ ਉਨ੍ਹਾਂ ਨੂੰ ਮਿਲਾਇਆ ਹੈ ਜਿਨ੍ਹਾਂ ਦੇ ਮੱਥੇ ਉੱਤੇ ਧੁਰ ਦਰਗਾਹ ਤੋਂ ਇਹ ਚੰਗੀ ਕਿਸਮਤ ਲਿਖੀ ਹੋਈ ਹੈ।

ਅੰਮ੍ਰਿਤ ਬਾਣੀ ਤਤੁ ਹੈ ਗੁਰਮੁਖਿ ਵਸੈ ਮਨਿ ਆਇ॥ ਹਿਰਦੈ ਕਮਲੁ ਪਰਗਾਸਿਆ ਜੋਤੀ ਜੋਤਿ ਮਿਲਾਇ॥ ਨਾਨਕ ਸਤਿਗੁਰੁ ਤਿਨ ਕਉ ਮੇਲਿਓਨੁ ਜਿਨ ਧੁਰਿ ਮਸਤਕਿ ਭਾਗੁ ਲਿਖਾਇ ॥ (ਅੰਗ-1424).

ਗੁਣਾਂ ਵਾਲਾ ਜੀਵਨ ਜੀਣਾ ਅੰਮ੍ਰਿਤ ਦਾ ਉਦੇਸ਼ ਹੈ। ਅਉਗਣਾਂ ਵਾਲਾ ਜੀਵਨ ਬਿਖ ਸਮਾਨ ਹੈ ਜੋ ਵਾਹਿਗੁਰੂ ਵੱਲੋਂ ਮੂੰਹ ਮੋੜਨ ਵਾਲੇ ਨੂੰ ਮਾਇਆ ਵਿਚ ਮੱਖੀ ਦੇ ਗੁੜ ਵਾਂਙੂ ਫਸਾ ਦਿੰਦਾ ਹੈ।

ਆਵ ਘਟੈ ਨਰੁ ਨਾ ਬੁਝੈ ਨਿਤਿ ਮੂਸਾ ਲਾਜੁ ਟੁਕਾਇ॥ ਗੁੜੁ ਮਿਠਾ ਮਾਇਆ ਪਸਰਿਆ ਮਨਮੁਖੁ ਲਗਿ ਮਾਖੀ ਪਚੈ ਪਚਾਇ॥ (41/42).

ਨਾਮ-ਅੰਮ੍ਰਿਤ ਹਰੇਕ ਜੀਵ ਦੇ ਹਿਰਦੇ-ਘਰ ਵਿਚ ਹੀ ਪਿਆ ਹੈ, ਪਰ ਮਨਮੁੱਖਾਂ ਨੂੰ ਇਸਦਾ ਸੁਆਦ ਨਹੀਂ ਆਉਂਦਾ।ਜਿਵੇਂ ਕਸਤੂਰੀ ਹਿਰਨ ਦੀ ਨਾਭੀ ਵਿਚ ਹੈ। ਪਰ ਉਹ ਇਹ ਨਹੀਂ ਸਮਝਦਾ ਤੇ ਭਰਮ ਵਿਚ ਭੁੱਲਿਆ ਭਟਕਦਾ ਹੈ।

ਘਰ ਹੀ ਮਹਿ ਅੰਮ੍ਰਿਤੁ ਭਰਪੂਰੁ ਹੈ ਮਨਮੁਖਾ ਸਾਦੁ ਨ ਪਾਇਆ॥ ਜਿਉ ਕਸਤੂਰੀ ਮਿਰਗੁ ਨ ਜਾਣੈ ਭ੍ਰਮਦਾ ਭਰਮਿ ਭੁਲਾਇਆ॥ ਅੰਮ੍ਰਿਤੁ ਤਜਿ ਬਿਖੁ ਸੰਗ੍ਰਹੈ ਕਰਤੈ ਆਪਿ ਖੁਆਇਆ॥ (ਅੰਗ-644).

ਪਹਿਲਾਂ ਸਿੱਖਾਂ ਨੂੰ ਗੁਰੂ ਸਾਹਿਬਾਨ ਵੱਲੋਂ ਚਰਣ-ਪਾਹੁਣ ਦੇਣ ਦੀ ਰੀਤ ਸੀ। ਪਾਹੁਲ ਦਾ ਅਰਥ ਮਹਾਨ ਕੋਸ਼ ਨੇ ਪਾਹ ਚੜਾਉਣ ਵਾਲਾ ਧਰਮ ਨਾਲ ਤਿਆਰ ਕੀਤਾ ਜਲ ਦੱਸਿਆ ਹੈ ਜੋ ਪਗ-ਪਾਹੁਲ ਪਾਦ-ਜਲ ਤੇ ਚਰਣੋਦਕ ਵੀ ਕਿਹਾ ਜਾਂਦਾ ਹੈ।

ਭਾਈ ਗੁਰਦਾਸ ਜੀ ਨੇ ਗੁਰੂ ਨਾਨਕ ਦੁਆਰਾ ਸਿੱਖਾਂ ਨੂੰ ਚਰਣਾਮ੍ਰਿਤ ਦੇਣ ਦਾ ਜ਼ਿਕਰ ਕੀਤਾ ਹੈ।

ਸੁਣੀ ਪੁਕਾਰ ਦਾਤਾਰ ਪ੍ਰਭ ਗੁਰ ਨਾਨਕ ਜਗ ਮਾਹਿ ਪਠਾਯਾ॥ ਚਰਨ ਧੋਇ ਰਹਿਰਾਸ ਕਰ ਚਰਨਾਮ੍ਰਿਤ ਸਿੱਖਾਂ ਪੀਲਾਯਾ॥ (ਵਾਰ-1/23).

ਸੰਨ 1699 ਦੀ ਵੈਸਾਖੀ ਤੇ ਖਾਲਸਾ ਦੀ ਸਾਜਨਾ ਵੇਲੇ ਗੁਰੂ ਗੋਬਿੰਦ ਸਿੰਘ ਜੀ ਨੇ ਚਰਨ ਪਾਹੁਲ ਦੀ ਰੀਤ ਸਮਾਪਤ ਕਰਕੇ ਖੰਡੇ-ਬਾਟੇ ਦੀ ਮਰਿਆਦਾ ਚਲਾਈ। ਸਿੱਖੀ ਰਹਿਤ ਮਰਿਆਦਾ ਵਿਚ ਗੁਰੂ ਜੀ ਨੇ ਕੇਸਗੜ੍ਹ ਦੇ ਸਥਾਨ ਤੇ ਅਮ੍ਰਿਤ ਤਿਆਰ ਕਰਕੇ ਸਿੱਖਾਂ ਨੂੰ ਛਕਾ ਕੇ ਖਾਲਸਾ ਪੰਥ ਦੀ ਨੀਹ ਰੱਖੀ। ਸਿੱਖਾਂ ਦੇ ਨਾਮ ਦੇ ਪਿਛੇ ਸਿੰਘ ਤੇ ਕੌਰ ਸ਼ਬਦ ਜੋੜੇ। ਸਿੰਘ ਦਾ ਅਰਥ ਬਹਾਦਰ ਹੈ। ਬੀਬੀਆਂ ਲਈ ਕੌਰ ਦਾ ਅਰਥ ਹੈ ਰਾਜਕੁਮਾਰੀ।

ਗੁਰਬਾਣੀ ਦੇ ਉਦੇਸ਼ ਦੁਆਰਾ ਸਿੱਖ ਦੀ ਆਤਮਿਕ ਉਸਾਰੀ ਲਈ ਗੁਰੂ ਜੀ ਨੇ 'ਰਹਿਤ' ਬਖਸ਼ ਕੇ ਖਾਲਸਾ ਬਣਾ ਦਿੱਤਾ, ਜਿਸ ਵਿਚ ਆਤਮਿਕ ਗੁਣਾਂ ਵਾਲੇ ਸੰਤ ਦੇ ਨਾਲ ਸਿਪਾਹੀ ਦੇ ਗੁਣਾਂ ਦਾ ਪ੍ਰਵੇਸ਼ ਹੋਇਆ।

ਗੁਰੂ ਹਰਿਗੋਬਿੰਦ ਸਾਹਿਬ ਨੇ ਸਿੱਖ ਵਿਰਸੇ ਦੀ ਰੱਖਿਆ ਲਈ ਸੈਨਿਕ ਅਭਿਆਸ ਸ਼ੁਰੂ ਕੀਤਾ ਸੀ। ਦਸ਼ਮੇਸ਼ ਜੀ ਨੇ ਖਾਲਸੇ ਦੇ ਰੂਪ ਵਿਚ ਇਸ ਦੀ ਕਾਇਆ ਕਲਪ ਕਰ ਦਿੱਤੀ। ਸਾਬਤ ਸੂਰਤ ਪੰਜ ਕਕਾਰੀ ਅਤੇ ਆਚਰਣ ਦੇ ਕੇ ਸ਼ੋਸ਼ਣ ਵਿਰੁਧ ਡਟ ਖਲੋਣ ਦੀ ਹਿੰਮਤ ਬਖ਼ਸ਼ੀ, ਜਿਨ੍ਹਾਂ ਨੇ ਅਣਖ ਨਾਲ ਗੁਲਾਮੀ ਦੀ ਜੜਾਂ ਪੁੱਟ ਦਿਤੀਆਂ। ਸਿੰਘ, ਸਿਖ ਤੋਂ ਵਖਰਾ ਨਹੀ ਬਲਕਿ ਸਿੱਖੀ ਦਾ ਪੂਰਨ ਵਿਕਾਸ ਹੈ। ਗੁਰੂ ਪੰਥ ਗੁਰੂ ਗ੍ਰੰਥ ਦੇ ਅਧੀਨ ਕਰਕੇ ਪੰਥਕ ਮਰਿਆਦਾ, ਸਿੱਖੀ ਸਰੂਪ, ਬਾਣਾ ਤੇ ਬਾਣੀ, ਸੰਤ ਸਿਪਾਹੀ ਦੀ ਪਹਿਚਾਣ ਪੰਜ ਕਕਾਰ ਬਖਸ਼ੇ।

ਸਿਰ ਕੇਸ ਧਾਰਿ ਗਹਿ ਖੜਗ ਕੋ ਸਭੁ ਦੁਸ਼ਟ ਪਛਾਰਾ। ਸੀਲ ਜਤ ਕੀ ਕਛ ਪਹਿਰ ਪਕੜੇ ਹਥਿਆਰਾਂ।ਵਾਰ ਸ੍ਰੀ ਭਗਉਤੀ ਕੀ ਵਿਚ ਕੇਸ- ਵਿਰਸੇ ਦੀ ਸੰਭਾਲ, ਕੰਘਾ - ਗਿਆਨੈ ਕੀ ਬਢਨੀ ਮਨੋ ਹਾਥ ਲੈ ਕਾਤਰਤਾ ਕੁਤਵਾਰ ਬੁਹਾਰੇ, ਕੜਾ- ਕਰਮਸ਼ੀਲ ਰਹਿਣਾ, ਕੱਛ- ਸਦਾਚਾਰਕ ਜੀਵਨ, ਕ੍ਰਿਪਾਨ- ਸੁਖ ਸੰਤਾਂ ਕਰਣੰ ਦੁਰਮਤਿ ਦਰਣੰ ਕਿਲਵਿਖ ਹਰਣੰ ਅਸ ਸਰਣੰ॥ ਰਹਿਤ- ਉਤਮ ਰਹਿਣ ਦਾ ਢੰਗ (ਮਹਾਨਕੋਸ਼) ਦੱਸੇ ਹਨ।

ਅੰਮ੍ਰਿਤ ਤਿਆਰ ਕਰਨ ਲਈ ਸਰਬਲੋਹ ਦੇ ਦ੍ਰਿੜ੍ਹਤਾ ਦੇ ਪ੍ਰਤੀਕ ਬਾਟੇ ਵਿਚ ਜੀਵਨ ਦੇ ਪ੍ਰਤੀਕ ਜਲ ਵਿਚ ਪਤਾਸੇ ਪਾਏ ਜਾਂਦੇ ਹਨ। ਪੰਜ ਪਿਆਰੇ ਜਲ ਵਿਚ ਖੰਡਾ ਫ਼ੇਰਦੇ ਅਤੇ ਪੰਜ ਬਾਣੀਆਂ ਦਾ ਪਾਠ ਕਰਦੇ ਹਨ ਜੋ ਨਾਮ ਸਿਮਰਨ ਕਰਨ ਦੀ ਪ੍ਰੇਰਨਾ ਦੇਂਦਾ ਹੈ। ਅਰਦਾਸ ਕਰਕੇ ਪੰਜ ਕਕਾਰ ਪਹਿਨ ਕੇ ਆਏ ਅਭਿਲਾਖੀਆਂ ਨੂੰ ਇਹ ਜਲ ਛਕਾਇਆ ਜਾਂਦਾ ਹੈ ਅਤ ਅੰਮ੍ਰਿਤ ਦੀ ਮਰਿਆਦਾ ਤੇ ਸਿੱਖ ਰਹਿਤ ਬਾਰੇ ਦੱਸਿਆ ਜਾਂਦਾ ਹੈ। ਇਸ ਨਾਲ ਮੌਤ ਦਾ ਡਰ ਖਤਮ ਹੋ ਜਾਂਦਾ ਹੈ। ਸੰਸਾਰ ਦੇ ਧਾਰਮਿਕ ਇਤਿਹਾਸ ਦੀ ਇਹ ਇਕ ਬੜੀ ਮਹੱਤਵਪੂਰਨ ਘਟਨਾ ਹੈ।

# ਸ਼ਹਾਦਤਾਂ ਦੇ ਸਫ਼ਰ ਦੇ ਗੁੱਝੇ ਭੇਦ - 1

ਸਰਦਾਰਨੀ ਗੁਰਨਾਮ ਕੌਰ, ਕੈਲਗਰੀ (ਕੈਨੇਡਾ)

1.ਸ਼ਹਾਦਤਾਂ ਦੇ ਸਫ਼ਰ ਦੇ ਗੁੱਝੇ ਭੇਦ ਮਨੁੱਖੀ ਮਨ ਦੀ ਪਹੁੰਚ ਤੋਂ ਪਰੇ ਦੀ ਗੱਲ ਹੈ। ਪਰ ਜਿਨ੍ਹਾਂ ਕੁ ਕਿਣਕਾ ਸੁਰਤ ਦੀ ਪਕੜ ਵਿੱਚ ਆਇਆ ਜਾਂ ਇਤਿਹਾਸ ਨੂੰ ਘੋਖਿਆ ਹੈ, ਸਾਂਝਾ ਕਰ ਰਹੀ ਹਾਂ।

ਗੁਰੂ ਨਾਨਕ ਜੀ ਦੀਆਂ ਪਾਈਆਂ ਪਵਿੱਤਰ ਪੈੜਾਂ ਤੇ ਤੁਰਦਾ ਗੁਰਮੁਖਾਂ ਦਾ ਇਹ ਕਾਫਲਾ, "ਕਰਤਾਰ ਪੁਰ ਕਰਤਾ ਵਸੈ ਸੰਤਨ ਕੈ ਪਾਸਿ" ਦਾ ਸੰਗ ਮਾਣ ਕੇ, ਅਨੰਦ ਪੁਰ ਸਾਹਿਬ ਦੇ ਸ਼ਾਹੀ ਜਾਹੋਜਲਾਲ ਦਾ ਅਨੰਦ ਭੋਗਦਾ ਹੋਇਆ, ਹਜ਼ੂਰ ਸਾਹਿਬ (ਭਾਵ ਸਾਹਿਬ ਦੇ ਹਜ਼ੂਰ) ਤੱਕ ਪਹੁੰਚਣ ਦਾ ਸਫ਼ਰ ਹੈ। ਇਸ ਸਫ਼ਰ ਦੌਰਾਨ ਕੀ ਕੁਝ ਵਾਪਰਿਆ, ਇਸ ਦੀਆਂ ਕੁਝ ਰਮਜ਼ਾਂ ਹਨ ਕਿਉਂਕਿ ਗੁਰੂ ਦਾ ਪੁੱਟਿਆ ਇੱਕ ਕਦਮ ਵੀ ਬੇਮਾਅਨਾ ਨਹੀਂ ਸੀ। ਇਹ ਸਥਾਈ ਅਤੇ ਅਮਿੱਟ ਪੈੜਾਂ ਹਨ ਜੋ ਆਉਣ ਵਾਲੀਆਂ ਪੀੜ੍ਹੀਆਂ ਲਈ ਰਾਹ ਦਸੇਰਾ ਹਨ। ਇਹ ਇਲਾਹੀ ਨਦਰ ਦੇ ਪੈਂਡਿਆਂ ਦੀ ਦਾਸਤਾਨ ਹੈ।

2. ਪਹਿਲੀ ਰਮਜ਼ ਤਾਂ ਇਹੀ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਉਸ ਜਗ੍ਹਾ ਤੇ ਹੋਇਆ ਜਿਥੇ ਕਦੇ ਮਹਾਤਮਾ ਬੁੱਧ ਨੇ ਗ੍ਰਿਹਸਤ ਤਿਆਗ ਭਿਖਿਆ ਪਾਤਰ ਫੜ ਅਪਨੇ ਹੀ ਮਹਿਲ ਦੇ ਅੱਗੇ ਮੰਗਤਾ ਬਣ ਕੇ ਖੜਿਆ ਸੀ। ਜਿਥੋਂ ਦਾ ਸਮਰਾਟ ਅਸ਼ੋਕ ਨੇ ਬੁੱਧ ਦੇ ਪ੍ਰਭਾਵ ਅਧੀਨ "ਅਹਿੰਸਾ ਪਰਮੋ ਧਰਮੰ" ਕਹਿ ਕੇ ਤਲਵਾਰ ਗੰਗਾ ਵਿਚ ਸਿੱਟ ਦਿੱਤੀ ਸੀ। ਦੇਸ਼ ਸਦੀਆਂ ਲਈ ਗੁਲਾਮ ਹੋ ਗਿਆ। ਪਟਨਾ ਸਾਹਿਬ ਵਿਖੇ ਗੁਰੂ ਜੀ ਦਾ ਪ੍ਰਕਾਸ਼ ਹੋਣਾ ਇੱਕ ਦੈਵੀ ਰਹੱਸ ਹੈ।



ਉਸੇ ਗੰਗਾ ਨਦੀ ਵਿਚ ਬਾਲ ਗੋਬਿੰਦ ਨੇ ਅਪਨੇ ਕੀਮਤੀ ਕੰਗਣ ਲਾਹ ਕੇ ਸਿੱਟ ਦਿੱਤੇ ਸਨ। ਕਿਰਪਾਨ ਦੇ ਮੁੱਠੇ ਨੂੰ ਹੱਥ ਪਾ ਲਿਆ ਅਤੇ ਬਾਲ ਸਾਥੀਆਂ ਨਾਲ ਟੋਲੀਆਂ ਬਣਾ ਕੇ ਜੰਗੀ ਅਭਿਆਸ ਦੀਆਂ ਖੇਡਾਂ ਸ਼ੁਰੂ ਕਰ ਦਿੱਤੀਆਂ।

3.ਇਸ ਤੋਂ ਬਾਅਦ ਬਾਲ ਗੋਬਿੰਦ ਰਾਇ ਅਨੰਦ ਪੁਰ ਸਾਹਿਬ ਆ ਜਾਂਦੇ ਹਨ। ਨੌਂ ਸਾਲ ਦੀ ਉਮਰ ਵਿੱਚ ਜਨੇਊ ਤੇ ਹੋ ਰਹੇ ਜ਼ੁਲਮ ਨੂੰ ਰੋਕਣ ਲਈ ਗੁਰੂ ਪਿਤਾ ਨੂੰ ਸ਼ਹਾਦਤ ਲਈ ਤੋਰ ਕੇ ਸੰਸਾਰ ਭਰ ਵਿੱਚ ਸਭ ਤੋਂ ਪਹਿਲਾਂ ਮਨੁੱਖੀ ਹੱਕਾਂ ਦੇ ਰਾਖੇ ਬਣੇ। ਅਨੰਦ ਪੁਰ ਸਾਹਿਬ ਦੇ ਸ਼ਾਹੀ ਠਾਠ ਨੇ ਦੱਸ ਦਿੱਤਾ ਕਿ ਪਾਤਸ਼ਾਹੀਆਂ ਭੋਗਦਿਆਂ ਵੀ ਨਿਰਲੇਪ ਰਿਹਾ ਜਾ ਸਕਦਾ ਹੈ, ਘਰ ਬਾਰ ਛੱਡਣ ਦੀ ਲੋੜ ਨਹੀਂ। ਇੱਕ ਗੁਰਸਿੱਖ ਪੂਰੇ ਸ਼ਾਹੀ ਠਾਠ ਨਾਲ ਜ਼ਿੰਦਗੀ ਜਿਉਂ ਸਕਦਾ ਹੈ। ਪਰ ਪਦਾਰਥਾਂ ਦੀ ਪਕੜ ਨਹੀਂ ਹੋਣੀ ਚਾਹੀਦੀ। ਛੱਡਣ ਲੱਗਿਆ ਇਕ ਛਿਣ ਲਈ ਵੀ ਸੋਚਣਾ ਨਾ ਪਵੇ। ਜਦੋਂ ਕੋਈ ਵਿਅਕਤੀ ਜਾਂ ਕੌਮ ਤਰੱਕੀ ਦੀਆਂ ਬੁਲੰਦੀਆਂ ਨੂੰ ਛੂੰਹਦੀ ਹੈ ਤਾਂ ਉਸ ਦੇ ਦੁਆਲੇ ਈਰਖਾਲੂਆਂ ਦਾ ਘੇਰਾ ਪੈ ਜਾਂਦਾ ਹੈ।

ਅਜਿਹਾ ਹੀ ਅਨੰਦ ਪੁਰ ਸਾਹਿਬ ਵਿਖੇ ਹੋਇਆ। ਪਹਾੜੀ ਰਾਜਿਆਂ ਨੂੰ ਈਰਖਾ ਸੀ ਕਿ ਇੱਕ ਦਰਵੇਸ਼ ਕੋਲ ਸਾਡੇ ਨਾਲ਼ੋਂ ਵੱਧ ਕੀਮਤੀ ਵਸਤਾਂ ਕਿਉਂ ਹਨ। ਉਨ੍ਹਾਂ ਨੂੰ ਹਥਿਆਉਣ ਲਈ ਉਹ ਹੱਥਕੰਡੇ ਵਰਤਾਉਣ ਲੱਗੇ। ਦੂਜੇ ਪਾਸੇ ਮੁਗਲੀਆ ਹਕੂਮਤ ਦਾ ਹੰਕਾਰ। ਈਰਖਾ ਅਤੇ ਹੰਕਾਰ ਨੇ ਰਲ਼ ਕੇ ਅਨੰਦ ਪੁਰ ਸਾਹਿਬ ਨੂੰ ਘੇਰਾ ਪਾ ਲਿਆ। ਅੱਠ ਮਹੀਨੇ ਘੇਰਾ ਪਾਈ ਰੱਖਿਆ ਪਰ ਹੱਥ ਪੱਲੇ ਕੁਝ ਵੀ ਨਾ ਲੱਗਿਆ।

"ਅਰੜਾਵੈ ਬਿਲਲਾਵੈ ਨਿੰਦਕੁ ਪਾਰਬ੍ਰਹਮੁ ਪਰਮੇਸਰੁ ਬਿਸਰਿਆ ਅਪਣਾ ਕੀਤਾ ਪਾਵੈ ਨਿੰਦਕੁ॥ ਰਹਾਉ॥" 5/373

ਅਨੰਦ ਪੁਰ ਸਾਹਿਬ ਉਹ ਟਕਸਾਲ ਹੈ ਜਿਥੇ ਸਿੱਖ ਦੇ ਕਿਰਦਾਰ ਨੇ ਘੜਿਆ ਜਾਣਾ ਹੈ। ਇਥੇ ਸਿੱਖਾਂ ਦੀ ਸਿਦਕ ਸਬੂਰੀ ਅਤੇ ਸਬਰ ਸੰਤੋਖ ਦੀ ਪ੍ਰੀਖਿਆ ਵੀ ਹੋ ਰਹੀ ਸੀ।

4.ਅਨੰਦ ਪੁਰ ਸਾਹਿਬ ਤੋਂ ਇੱਕ ਸਿੱਖ ਵਾਸਤੇ ਸੁਨੇਹਾ ਸੀ ਕਿ ਜੇ ਕੋਈ ਗੁਰੂ ਬਾਰੇ ਗ਼ਲਤ ਬੋਲਦਾ ਜਾਂ ਬੇਅਦਬੀ ਕਰਦਾ ਹੈ ਤਾਂ ਉਸ ਦਾ ਗਾਟਾ ਲਾਹ ਦਿਓ। ਪਹਾੜੀ ਰਿਆਸਤ ਜਸਵਾਨ ਦਾ ਰਾਜਾ ਕੇਸਰੀ ਚੰਦ ਗੁਰੂ ਸਾਹਿਬ ਬਾਰੇ ਮੰਦੇ ਬੋਲ ਬੋਲਿਆ ਕਿ ਮੈਂ ਗੁਰੂ ਸਾਹਿਬ ਨੂੰ ਜਿਉਂਦਾ ਜਾਂ ਕਿਵੇਂ ਵੀ ਫੜ ਕੇ ਲਿਆਵਾਂਗਾ। ਤਾਂ ਗੁਰੂ ਜੀ ਦਾ ਸਿੱਖ ਭਾਈ ਉਦੈ ਸਿੰਘ ਨੇ ਉਸ ਦੇ ਹਾਥੀ ਤੇ ਚੜ੍ਹ ਕੇ ਕੇਸਰੀ ਚੰਦ ਦਾ ਸਿਰ ਵੱਢ ਕੇ ਗੁਰੂ ਚਰਨਾਂ ਵਿੱਚ ਲਿਆ ਧਰਿਆ। ਬਚਿੱਤਰ ਸਿੰਘ ਦੀ ਚੋਣ ਵੀ ਕਿਸੇ ਕਰਾਮਾਤ ਤੋਂ ਘੱਟ ਨਹੀਂ ਸੀ ਕਿਸ ਨੇ ਮਸਤ ਹਾਥੀ ਦੇ ਮੱਥੇ ਤੇ ਨਾਗਣੀ ਮਾਰ ਕੇ ਉਸ ਦਾ ਸਿਰ ਪਾੜ ਦਿੰਦਾ।

5.ਪੰਜਾਂ ਪਿਆਰਿਆ ਦੀ ਚੋਣ ਵੀ ਇੱਕ ਤਲਿਸਮੀ ਕਾਰਨਾਮਾਂ ਸੀ। ਗੁਰੂ ਨਾਨਕ ਜੀ ਤੋਂ ਹੀ ਇਹ ਭਾਲ ਜਾਰੀ ਸੀ। ਜਦੋਂ ਸਿੱਧਾਂ ਨੇ ਗੁਰੂ ਜੀ ਨੂੰ ਪੁੱਛਿਆ : "ਕਿਸੁ ਕਾਰਣਿ ਗ੍ਰਿਹ ਤਜਿਓ ਉਦਾਸੀ॥ ਕਿਸੁ ਕਾਰਣਿ ਇਹੁ ਭੇਖ ਨਿਵਾਸੀ॥"

ਗੁਰੂ ਜੀ ਕਿਹਾ: "ਗੁਰਮੁਖਿ ਖੋਜਤ ਭਏ ਉਦਾਸੀ॥ ਦਰਸਨ ਕੈ ਤਾਈ ਭੇਖ ਨਿਵਾਸੀ॥"

1699 ਦੀ ਵਿਸਾਖੀ ਨੂੰ ਇਹ ਭਾਲ ਮੁਕੰਮਲ ਹੋਈ। ਇਹ ਉਹ ਪੰਜ ਗੁਰਮੁਖ ਪਿਆਰੇ ਚੁਣੇ ਗਏ ਜਿਨ੍ਹਾਂ ਨੇ ਪਹਿਲਾਂ ਮਰਨਾ ਕਬੂਲਿਆ।

"ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ॥" 5/301

ਗੁਰੂ ਗੋਬਿੰਦ ਸਿੰਘ ਜੀ ਨੇ ਪੂਰੇ ਦੇਸ਼ ਵਿੱਚ ਸੱਦੇ ਭੇਜ ਕੇ ਲੋਕਾਂ ਨੂੰ ਇਕੱਠੇ ਕੀਤਾ। ਫਿਰ ਉਨ੍ਹਾਂ ਦੇ ਵਿਚੋਂ ਪੰਜ ਪਿਆਰਿਆਂ ਨੂੰ ਚੁਣਿਆ, ਜੋ ਵੱਖੋ ਵੱਖ ਇਲਾਕਿਆਂ, ਬੋਲੀਆਂ, ਸੱਭਿਆਚਾਰਾਂ ਅਤੇ ਜਾਤਾਂ ਵਿਚੋਂ ਸਨ। ਇਸ ਤਰ੍ਹਾਂ ਗੁਰੂ ਸਾਹਿਬ ਨੇ ਪੂਰੀ ਮਨੁੱਖਤਾ ਨੂੰ ਅਪਣੇ ਕਲਾਵੇ ਵਿੱਚ ਲੈ ਲਿਆ। ਦੁਨੀਆਂ ਦੇ ਇਤਿਹਾਸ ਵਿਚ ਇਹ ਪਹਿਲੀ ਵਾਰ ਹੋਇਆ ਕਿ ਗਰੀਬ ਅਤੇ ਲਿਤਾੜੇ ਹੋਏ ਲੋਕਾਂ ਨੂੰ ਪਾਤਸ਼ਾਹੀਆਂ ਬਖਸ਼ੀਆਂ। ਜੋ ਕਹਿੰਦੇ ਸਨ : "ਕਾਂਮ ਹਮਾਰਾ ਤੋਲਣ ਤੱਕੜੀ, ਨੰਗੀਂ ਕਰਦ ਕਦੇ ਨਾ ਪਕੜੀ। ਚਿੜੀ ਉਡੇ ਸੇ ਹਮ ਡਰ ਜਾਏਂ, ਮੁਗਲੋਂ ਸੇ ਕੈਸੇ ਲੜ ਪਾਏਂ॥"

ਗੁਰੂ ਸਾਹਿਬ ਨੇ ਆਪਣੇ ਬੋਲਾਂ ਨੂੰ ਪ੍ਰਤੱਖ ਕਰ ਦਿਖਾਇਆ ਜਦੋਂ ਕਿਹਾ ਸੀ "

"ਇਨ ਗਰੀਬ ਸਿਖਨ ਕੋ ਦੇਉਂ ਪਾਤਿਸ਼ਾਹੀ॥
ਯਹ ਯਾਦ ਰਖੇਂ ਹਮਰੀ ਗੁਰਿਆਈ॥"

**Sardar Tarundeep Singh Anand of Mumbai (Bombay)**
**Establishes Universal AI University**




Every Sikh should feel proud of the news that the first University for AI (Artificial Intelligence) in India has been established in Mumbai. S. Tarundeep Singh Anand who has spent 18 years in Banking and Financial services Industry across London, New York, Hongkong and India is the Vice Chancellor of this University. While serving as Chairman and Managing Director of Thomson Reuters, South Asia he started a Business School in 2009 and now succeeded in opening University for AI.

This is a boon for the students as AI is catching the minds of everyone. The Achievements of Sikhs in the Academic World enthuse the Sikh youth. This is high time that our young generation should remain in *Chardikala*. Congratulations to S. Anand for this unique achievement. May Satguru bless him.

~S. Tarlochan Singh, Ex-M.P. (India)
Former Chairman, National Commission Minorities.

# ਸਾਨੂੰ ਇਨ੍ਹਾਂ ਤੇ ਮਾਣ ਹੈ

**Dr Arvind, Alumnus of Guru Nanak Dev University, Amritsar - Distinguished Physicist** (arvind@iisermohali.ac.in)



Dr. Arvind, a Professor at the Indian Institute of Science Education and Research (IISER) Mohali since 2010, specializes in Quantum Information and Computation, Quantum Algorithms, with applications in quantum cryptography, Quantum measurement problems, Quantum Optics, properties of radiation fields, and applying group-theoretic methods and Physics Educational R & D in innovative experiments for teaching physics concepts. Some important positions held by him are listed here.

Since 2018 : Adjunct Faculty Ramakrishna Mission Vivekananda Education and Research Institute, Belur Math, West Bengal.

2021 - 2024 : Vice Chancellor Punjabi University Patiala.

2018 - 2024 : National Coordinator QUEST Theme, DST India.

2019 - 2019 : Officiating Director IISER Mohali.

2018 - 2023 : Editorial Board Member of Dialogue (Indian Academy of Sciences).

2014 - 2022 : Editorial Board Member of IAPT Journal on Physics Education.

2012 - 2019 : Coordinator Outreach, IISER Mohali.

2007 - 2010 : Dean Research and Development, IISER Mohali.

2005 - 2007 : Assistant Professor IIT Madras (On Leave from GNDU).

1997 - 2005 : Lecturer, and 2005 - 2007 : Reader GNDU Amritsar.

2002 - 2004 : Faculty, Carnegie Mellon University Pittsburgh USA (On leave).

1991 - 1997 : PhD, Indian Institute of Science, Bangalore.

1988 - 1990 : MSc Physics, Indian Institute of Technology (IIT) Kanpur .

1985 - 1988 : BSc Honours Physics, Guru Nanak Dev University Amritsar'

He was elected Fellow of The National Academy of Sciences(NASI), got the Indian National Science Academy (INSA) Gold Medal for Young Scientists in 2003, was awarded Certificate of merit in UGC-CSIR examination 1989, and Gold medal in B.Sc.(Honours School) by Guru Nanak Dev University, Amritsar in 1988.

## The First Turbaned Sikh elected to a State Legislative Assembly in America



Commonwealth of Virginia (US) Delegate Sardar J J Singh was sworn in as the First Sikh elected to a Provincial Legislature in America. He studied at the Universities of Virginia and Harvard and works at the US Senate. In addition, he is CEO of a Business Development Company. Mr Singh performs selfless services in the US Peace Corps and participates in the Welfare activities of the Sikh and other communities.

## ਵਿੰਨੀਪੈਗ ਦੇ ਗੁਰਸਿੱਖ ਬਲਜੋਤ ਸਿੰਘ ਰਾਏ ਕੈਨੇਡਾ ਦੇ ਸਿਰ-ਕੱਢ ਬੱਚਿਆਂ ਵਿਚ ਚੁਣਿਆ ਗਿਆ



ਕੈਨੇਡਾ ਵਿਚ ਹਰ ਖੇਤਰ ਵਿੱਚ ਵੱਧ ਚੜ ਕੇ ਕਾਮਯਾਬੀ ਨਾਲ ਹਿੱਸਾ ਲੈਣ ਦੀ ਚੇਟਕ ਵਾਲੇ (ਪਹਿਲੇ ਪੰਜਾਬੀ ਸਕੂਲ ਦਾ ਪੜ੍ਹਿਆ ਹੋਇਆ) 17 ਸਾਲਾਂ ਦਾ ਬਲਜੋਤ ਸਿੰਘ ਦੋ ਵੇਰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪੂਰਨ ਸੰਥਿਆਂ ਲੈ ਚੁੱਕਿਆ ਹੈ। ਮਾਣ ਵਾਲੀ ਗੱਲ ਹੈ ਕਿ ਲੌਰਨ ਫਾਊਂਡੇਸ਼ਨਦੀ ਸੰਸਥਾ ਨੇ ਕੈਨੇਡਾ ਦੇ ਕੁਝ ਚੋਟੀ ਦੇ ਹੋਨਹਾਰ ਬੱਚਿਆਂ ਵਿਚ ਸਾਲ (2024-25) ਲਈ ਇੱਕ ਗਰੁਸਿੱਖ ਪਰਿਵਾਰ ਦੇ ਬਲਜੋਤ ਸਿੰਘ ਦੀ ਚੋਣ ਕੀਤੀ ਹੈ।

## First Sikh in FIFA-2026 World Cup Football

S. Sarpreet Singh of New Zealand has been selected in the NZ National Team for the World Cup Football to be hosted in Canada, Mexico, and the US. In FIFA's 100 years history, he will be the first Sikh to participate. He has played for a Munich club and currently represents Portugal, as a key player for New Zealand and also an inspiration for South Asians in football.

23 ਅਪ੍ਰੈਲ - ਪੁਸਤਕ ਦਿਵਸ ਤੇ ਵਿਸ਼ੇਸ਼

## ਪੁਸਤਕ ਵਿਚਾਰੀ (ਗੀਤ)

ਸਰਦਾਰਨੀ ਗੁਰਦੀਸ਼ ਕੌਰ ਦੀਸ਼, ਕੈਲਗਰੀ (ਕੈਨੇਡਾ)
(gurdish.grewal@gmail.com)

ਪੁਸਤਕ ਵਿਚਾਰੀ, ਵੇ ਮੈਂ ਕਰਮਾਂ ਦੀ ਮਾਰੀ,
ਕਿਹਨੂੰ ਸੁਣਾਵਾਂ ਦੁੱਖ ਫੋਲ।
ਵੇ ਸੱਜਣਾ, ਕਦੇ ਤਾਂ ਸਾਂਝੇ ਕਰ ਬੋਲ...

ਕਿਹੋ ਜਿਹਾ ਚੰਦਰਾ, ਆ ਗਿਆ ਯੁੱਗ ਵੇ।
ਸਮੇਂ ਤੋਂ ਪਹਿਲਾਂ ਮੇਰੀ, ਉਮਰ ਗਈ ਪੁੱਗ ਵੇ।
ਪੈਂਦੇ ਨੇ ਹੌਲ ਮੈਂਨੂੰ, ਕਰਦੈਂ ਮਖੌਲ ਮੈਂਨੂੰ,
ਦਿੱਲ ਵਾਲੇ ਵਰਕੇ ਫਰੋਲ।
ਵੇ ਸੱਜਣਾ...

ਰਹਾਂ ਖਾਮੋਸ਼ ਮੈਂ ਤਾਂ, ਬੋਲ ਨਾ ਸਕਾਂ ਵੇ।
ਕਦ ਹੱਥ ਲਾਵੇਂ ਮੈਂਨੂੰ, ਤੇਰਾ ਮੂੰਹ ਤੱਕਾਂ ਵੇ।
ਕਰਾਂ ਉਡੀਕ ਤੇਰੀ, ਸੁਣੇ ਨਾ ਚੀਕ ਮੇਰੀ।
ਜਿੰਦੜੀ ਰਿਹੈਂ ਮੇਰੀ ਰੋਲ਼।
ਵੇ ਸੱਜਣਾ...

ਮੇਰੀ ਤਾਂ ਹਿੱਕ ਵਿੱਚ, ਛੁਪਿਆ ਗਿਆਨ ਵੇ।
ਸ਼ਾਇਰ, ਪੈਗੰਬਰ ਕਿਸੇ, ਲਿਖੇ ਫ਼ੁਰਮਾਨ ਵੇ।
ਕਰ ਲਏ ਪਿਆਰ ਕੋਈ, ਬਣ ਜਾਏ ਯਾਰ
ਕੋਈ, ਦੋ ਘੜੀਆਂ ਬਹਿ ਜਾਏ ਕੋਲ।
ਵੇ ਸੱਜਣਾ...

ਬਣ ਬੈਠੇ ਹੁਣ ਮੇਰੇ, ਨਵੇਂ ਸ਼ਰੀਕ ਵੇ।
ਮੇਰੀ ਤਾਂ ਕਿਸਮਤ ਤਾਈਂ ਲਾ ਦਿੱਤੀ ਲੀਕ ਵੇ।
ਕਰ ਲਿਆ ਵੱਸ ਤੈਂਨੂੰ, ਥੋੜ੍ਹਾ ਜਿਹਾ ਹੱਸ
ਤੈਂਨੂੰ। ਪੈਰਾਂ 'ਚ ਦਿੱਤਾ ਮੈਂਨੂੰ ਰੋਲ਼।
ਵੇ ਸੱਜਣਾ...

'ਕੱਲੀ ਦਾ ਮੇਰਾ ਹੁਣ, ਲਗਦਾ ਨਾ ਦਿੱਲ ਵੇ।
ਲਾਇਬ੍ਰੇਰੀ 'ਚ ਕੋਈ, ਆਸ਼ਕ ਪਊ ਮਿਲ ਵੇ।
ਓਥੇ ਪੁਚਾਈਂ ਮੈਂਨੂੰ, ਨਾ ਤਰਸਾਈਂ ਮੈਂਨੂੰ,
ਲਊ ਕੋਈ 'ਦੀਸ਼' ਮੈਂਨੂੰ ਟੋਲ਼।
ਵੇ ਸੱਜਣਾ...

### Editor's Note

Books reflect humanity's progress since the clay tablets in Mesopotamia, scrolls in Egypt to 1st century Codex and printing press in the 15th century. E-Books and self-publishing have further transformed this progress. Books are not just vessels for knowledge, they preserve and transmit ideas across generations, showcasing humanity's pursuit of sharing discoveries and literary traditions.

## April 23 - World Book and Copyright Day

Professor Dr Surjit Singh Bhatti, Calgary (Canada)

**Every year**, April 23 is celebrated as "World Book and Copyright Day" in more than 100 countries of the world. It marks the death of William Shakespeare and the Spanish writer Miguel de Cervantes, (who wrote *Don Quixote*), both of whom passed away on April 23, 1616. This day is meant to explore the world's rich literature, the joy of storytelling, promote reading, publishing, and copyright. It aims to encourage people to engage with popular and serious scientific books, novels, poetry, stories and podcasts, and appreciate the benefits of reading. Tributes are paid to authors, publishers, and other individuals involved in the creation of books. It highlights the importance of copyright in supporting the books, and allowing authors and publishers to invest in works that enrich society.


**UNESCO** first celebrated this day following a decision by its Conference in Paris in 1995. It is inspired by the Catalonian tradition when men give women roses, and women give men books on April 23. Nowadays, books are exchanged regardless of gender. In the UK and Ireland, it is celebrated on the first Thursday of March.

The focus is on promoting reading for pleasure among children and young people. The event often involves activities like giving books as gifts, author visits, reading competitions, and educational programs in schools and colleges. Children receive special vouchers that can be exchanged for free books or discounts on others. It is designated to promote the importance of literacy, creative expression, and cultural exchanges. It's not just a celebration; it is a day to recognize the transformative power of reading.

**Read Your Way** is the theme of World Book Day this year and being able to read for pleasure. Children are given the opportunity to come to school dressed as a character or a person from a book that they enjoyed reading. Rio de Janeiro, Brazil, has been chosen as the World Book Capital of 2025 by UNESCO to recognize their emphasis on literary heritage, as well as its promotion of publishing and youth literacy in the face of digitization. Every reader is different, and there's no right or wrong way to enjoy reading, so this year is about encouraging children and youth to read books of their choice.

-


ਈ-ਦੀਵਾਨ ਸੁਸਾਇਟੀ(ਕੈਲਗਰੀ)
ਵੱਲੋਂ
ਖਾਲਸਾ ਸਾਜਨਾ ਦਿਵਸ ਨੂੰ ਸਮਰਪਿਤ
ਅੰਤਰਰਾਸ਼ਟਰੀ ਕਵੀ ਦਰਬਾਰ
ਡਾ.ਬਲਰਾਜ ਸਿੰਘ
ਸੰਸਥਾਪਕ ਤੇ ਸੰਚਾਲਕ
ਗੁਰਦੀਸ਼ ਕੌਰ ਕੈਲਗਰੀ
ਹੋਸਟ
ਸੁਜਾਨ ਸਿੰਘ ਸੁਜਾਨ ਟੋਰੰਟੋ
ਕੋ-ਹੋਸਟ
ਸ.ਜਗਬੀਰ ਸਿੰਘ
ਸੰਸਥਾਪਕ ਤੇ ਸੰਚਾਲਕ
ਮਿਤੀ 12 ਅਪ੍ਰੈਲ ਸ਼ਨੀਵਾਰ
9 AM
ਕੈਲਗਰੀ ਐਡਮਿੰਟਨ
8 AM : U S A
ਸਮਾਂ:
8:30 PM ਇੰਡੀਆ
10 AM : ਵਿਨੀਪੈੱਗ
11:00 AM ਟੋਰੰਟੋ
ਮਾਧਿਅਮ ZOOM APP
ਪਹੁੰਚ ਰਹੇ ਕਵੀ ਸਹਿਬਾਨ
ZOOM I'D 98294816545
ਜਸਵੀਰ ਸਿੰਘ ਸ਼ਰਮਾ
ਦੱਦਾਹੂਰ
ਕੁਲਵੰਤ ਸਿੰਘ ਸੈਦੋਕੇ
ਪਟਿਆਲਾ
ਬੀਬੀ ਸੁਰਜੀਤ ਕੌਰ
ਸੈਕਰਾਮੈਂਟੋ
ਜਸਪ੍ਰੀਤ ਕੌਰ
ਨੋਇਡਾ
ਗੁਰਜੀਤ ਸਿੰਘ ਖਾਲਸਾ
ਐਡਮਿੰਟਨ
ਰਾਣਾ ਸਿੰਘ ਚਾਨਾ
ਵਿਨੀਪੈੱਗ
ਕੁਲਵਿੰਦਰ ਸਿੰਘ ਗਾਖਲ
ਜਲੰਧਰ
ਮੋਹਕਮ ਸਿੰਘ ਚੌਹਾਨ
ਕੈਲਗਰੀ
ਜਸਵਿੰਦਰ ਸਿੰਘ ਰੁਪਾਲ
ਕੈਲਗਰੀ
ਅਮਨਪ੍ਰੀਤ ਸਿੰਘ ਦੁਲੱਟ
ਕੈਲਗਰੀ
ਉਡੀਕਵਾਨ: ਈ ਦੀਵਾਨ ਸੋਸਾਇਟੀ ਕੈਲਗਰੀ ਦੀ ਸਮੂਹ ਸੰਗਤ ਤੇ ਅਹੁਦੇਦਾਰ


S. Rana Chana, Winnipeg
Jagbir singh
Gurdish Kaur Grewal
S. Sujan Singh Sujan
Jasvinder Singh Rupal
Dr. Balraj Singh
Bhola Singh Chauhan
Aman dulat
gurcharan singh

# ਈ ਦੀਵਾਨ ਸੋਸਾਇਟੀ ਕੈਲਗਰੀ ਵੱਲੋਂ ਔਨਲਾਈਨ ਅੰਤਰ-ਰਾਸ਼ਟਰੀ ਕਵੀ ਦਰਬਾਰ

(ਮੰਚ ਸੰਚਾਲਕ : ਜਸਵਿੰਦਰ ਸਿੰਘ ਰੁਪਾਲ ਅਤੇ ਗੁਰਦੀਸ਼ ਕੌਰ ਗਰੇਵਾਲ) : ਇਸ ਸੋਸਾਇਟੀ ਵੱਲੋਂ 12 ਅਪ੍ਰੈਲ 2025 ਨੂੰ ਖਾਲਸਾ ਸਾਜਨਾ ਦਿਵਸ ਨੂੰ ਸਮਰਪਿਤ ਇੱਕ ਮਹਾਨ ਕਵੀ ਦਰਬਾਰ ਕਰਵਾਇਆ ਗਿਆ, ਜਿਸ ਵਿੱਚ ਕਈ ਦੇਸ਼ਾਂ ਤੋਂ ਕਵੀ ਸ਼ਾਮਲ ਹੋਏ।

ਸੋਸਾਇਟੀ ਦੇ ਸੰਸਥਾਪਕ ਡਾ. ਬਲਰਾਜ ਸਿੰਘ ਨੇ ਸਭ ਨੂੰ 'ਜੀ ਆਇਆਂ' ਆਖਦੇ ਹੋਏ ਕਵੀ ਦਰਬਾਰ ਦੇ ਮਕਸਦ ਤੇ ਚਾਨਣਾ ਪਾਇਆ। ਆਰੰਭ ਟੋਰੰਟੋ ਤੋਂ ਅਮਿਤੋਜ ਕੌਰ ਵਲੋਂ ਗਾਏ ਸ਼ਬਦ "ਚਰਨ ਸਰਨਿ ਗੁਰ ਏਕ ਪੈਡਾ ਜਾਇ ਚਲ" ਨਾਲ ਹੋਇਆ। ਜੈਪੁਰ ਤੋਂ ਬ੍ਰਿਜਮੰਦਰ ਕੌਰ ਨੇ ਸ਼ਬਦ "ਇਹੁ ਮਨੁ ਸੁੰਦਰਿ ਆਪਣਾ ਹਰਿ ਨਾਮ ਮਜੀਠੈ ਰੰਗਿ ਰੀ॥" ਗਾ ਕੇ ਸੁਣਾਇਆ। ਮੰਚ ਸੰਚਾਲਕਾਂ ਨੇ ਕਵੀਆਂ ਦੀ ਜਾਣ ਪਛਾਣ ਕਰਾ ਕੇ ਮੰਚ ਤੇ ਆਉਣ ਦਾ ਸੱਦਾ ਦਿੱਤਾ।


ਕਵੀ ਦਰਬਾਰ ਦਾ ਆਰੰਭ ਪਟਿਆਲੇ ਤੋਂ ਛੰਦਾਬੰਦੀ ਦੇ ਮਾਹਰ ਕਵੀ ਕੁਲਵੰਤ ਸਿੰਘ ਸੈਦੋਕੇ ਨੇ ਬੈਂਤ ਛੰਦ ਵਿਚ ਆਪਣੀ ਕਵਿਤਾ ਗਾ ਕੇ ਕੀਤਾ। ਜਸਪ੍ਰੀਤ ਕੌਰ ਨੋਇਡਾਨੇ ਗ_ਰਦੀਸ਼ ਕੌਰ ਗਰੇਵਾਲ ਦਾ ਲਿਖਿਆ ਗੀਤ "ਉਸ ਪੰਥ ਸਜਾਇਆ ਏ, ਤੇਗਾਂ ਦੀਆਂ ਧਾਰਾਂ ਤੇ" ਤਰੰਨਮ ਵਿਚ ਗਾ ਕੇ ਸੁਣਾਇਆ। ਰਾਣਾ ਸਿੰਘ ਚਾਨਾ ਵਿਨੀਪੈਗ ਨੇ ਬੀਰ ਰਸ ਵਿਚ ਆਪਣੀ ਕਵਿਤਾ "ਅਣਖੀ ਵਿਸਾਖੀ" ਸੁਣਾਈ। ਜਸਵੀਰ ਸ਼ਰਮਾ ਦੱਦਾਹੂਰ ਨੇ ਆਪਣਾ ਗੀਤ "ਏਸ ਪੰਥ ਨੇ ਦੁਨੀਆਂ ਵਿਚ ਖੇਲੇ ਖੇਲ ਨਿਰਾਲੇ" ਸੁਣਾਇਆ। ਗੁਰਜੀਤ ਸਿੰਘ ਖਾਲਸਾ ਨੇ 13 ਅਪ੍ਰੈਲ 1978 ਦੀ ਵਿਸਾਖੀ ਦੇ ਸ਼ਹੀਦਾਂ ਨੂੰ ਸ਼ਰਧਾਂਜਲੀ ਦਿੱਤੀ।

ਕੈਲਗਰੀ ਤੋਂ ਖਾਲਸਈ ਸਰੂਪ ਵਿੱਚ 12 ਸਾਲ ਦੇ ਬੱਚੇ ਮੋਹਕਮ ਸਿੰਘ ਨੇ ਆਪਣੇ ਪਿਤਾ ਭੋਲਾ ਸਿੰਘ ਚੌਹਾਨ ਜੀ ਦੀ ਲਿਖੀ ਕਵਿਤਾ "ਖਾਲਸੇ ਦੇ ਝੂਲਦੇ ਨਿਸ਼ਾਨ ਰਹਿਣਗੇ" ਸੁਣਾ ਕੇ ਸਰੋਤਿਆਂ ਦੀ ਵਾਹ ਵਾਹ ਖੱਟੀ। ਕੈਲਗਰੀ ਤੋਂ ਹੀ ਜਸਵਿੰਦਰ ਸਿੰਘ ਰੁਪਾਲ ਨੇ ਆਪਣੀ ਕਵਿਤਾ "ਸਿੱਖ ਤੋਂ ਗੁਰਾਂ ਨੇ ਐਸਾ ਸਿੰਘ ਘੜਿਆ, ਖਾਲਸਾ ਕਹਾਂਵਦਾ, ਜੱਗ ਤੋਂ ਨਿਆਰਾ ਏ" 'ਦੂਣਾ ਯਮਕਦਾਰ ਕੇਸਰੀ ਛੰਦ' ਵਿਚ ਸੁਣਾਈ, ਜਿਸ ਵਿਚ ਤੀਹਰਾ ਕਾਫ਼ੀਆ ਹੋਣ ਕਰਕੇ ਗਾਉਣ ਲਈ ਲੰਮਾ ਸਾਹ ਚਾਹੀਦਾ ਹੈ। ਕੁਲਵਿੰਦਰ ਸਿੰਘ ਗਾਖਲ ਅਤੇ ਬੀਬੀ ਸੁਰਜੀਤ ਕੌਰ ਸੈਕਰਾਮੈਂਟੋ ਕਵੀ ਦਰਬਾਰ ਵਿਚ ਸ਼ਾਮਲ ਨਹੀਂ ਹੋ ਸਕੇ। ਅਮਨਪ੍ਰੀਤ ਸਿੰਘ ਦੁਲੱਟ ਕੈਲਗਰੀ ਨੇ "ਅੰਮ੍ਰਿਤ ਦੀ ਇਸ ਦਾਤ ਨਾਲ ਸਾਡੇ ਜਿਹੇ ਵੀ ਤਰ ਗਏ" ਸੁਣਾ ਕੇ ਅੰਮ੍ਰਿਤ ਦੀ ਮਹੱਤਤਾ ਦਰਸਾਈ।

ਗੁਰਦੀਸ਼ ਕੌਰ ਗਰੇਵਾਲ ਨੇ "ਖਾਲਸੇ ਦਾ ਰੁਤਬਾ ਬੜਾ ਮਹਾਨ ਹੈ" ਤਰੰਨਮ ਵਿਚ ਗਾ ਕੇ ਸਭ ਨੂੰ ਮੋਹ ਲਿਆ। ਟੋਰਾਂਟੋ ਤੋਂ ਸੁਜਾਨ ਸਿੰਘ ਸੁਜਾਨ ਨੇ ਆਪਣਾ ਗੀਤ " ਸਿੰਘੋ ਪਾਹੁਲ ਪੀ ਲਵੋ ਖੰਡੇ ਦੀ ਧਾਰ ਦੀ" ਸੁਣਾ ਕੇ ਵਿਸਾਖੀ ਦਾ ਸੰਦੇਸ਼ ਦਿੱਤਾ।

ਅੰਤ ਵਿਚ ਡਾ. ਸੁਰਜੀਤ ਸਿੰਘ ਭੱਟੀ ਨੇ ਸਮੂਹ ਕਵੀਆਂ ਦਾ ਧੰਨਵਾਦ ਕਰਦੇ ਹੋਏ ਦੱਸਿਆ ਕਿ ਕੈਨੇਡਾ ਵਿੱਚ ਅਪ੍ਰੈਲ ਮਹੀਨੇ ਨੂੰ ਸਿੱਖ ਵਿਰਾਸਤੀ ਮਹੀਨੇ ਵਜੋਂ ਅਤੇ ਅਮਰੀਕਾ ਵਿੱਚ 14 ਅਪ੍ਰੈਲ ਨੂੰ ਸਿੱਖ ਵਿਰਾਸਤੀ ਦਿਵਸ ਵਜੋਂ ਮਨਾਇਆ ਜਾਂਦਾ ਹੈ। ਸਮਾਗਮ ਦੀ ਸਮਾਪਤੀ ਤੇ ਆਨੰਦ ਸਾਹਿਬ, ਅਰਦਾਸ ਅਤੇ ਹੁਕਮਨਾਮੇ ਦੀਆਂ ਸੇਵਾਵਾਂ, ਡਾ. ਬਲਰਾਜ ਸਿੰਘ ਅਤੇ ਜਗਬੀਰ ਸਿੰਘ ਜੀ ਨੇ ਨਿਭਾਈਆਂ।

ਖਾਲਸਾ ਸਾਜਣਾ ਦਿਵਸ ਅਤੇ ਗੁਰੂ ਨਾਨਕ ਸਾਹਿਬ ਦੇ ਪ੍ਰਕਾਸ਼ (1-ਵਿਸਾਖ) ਨੂੰ ਸਮਰਪਿਤ
ਈ ਦੀਵਾਨ ਸੋਸਾਇਟੀ, ਕੈਲਗਰੀ (ਕੈਨੇਡਾ) ਵੱਲੋਂ 19 ਅਪ੍ਰੈਲ 2025 ਨੂੰ
ਅੰਤਰ-ਰਾਸ਼ਟ੍ਰੀ ਬਾਲ ਕਵੀ-ਦਰਬਾਰ



ਮੰਚ-ਸੰਚਾਲਕ : ਸਰਦਾਰਨੀ ਗੁਰਦੀਸ਼ ਕੌਰ ਗਰੇਵਾਲ

ਰਿਪੋਰਟ : ਸਰਦਾਰ ਜਸਵਿੰਦਰ ਸਿੰਘ ਰੁਪਾਲ

## ਈ ਦੀਵਾਨ ਸੋਸਾਇਟੀ, ਕੈਲਗਰੀ, ਵੱਲੋਂ 19 ਅਪ੍ਰੈਲ 2025 ਨੂੰ ਬਾਲ ਕਵੀ-ਦਰਬਾਰ

ਕੈਲਗਰੀ : (ਜਸਵਿੰਦਰ ਸਿੰਘ ਰੁਪਾਲ) : ਸਭ ਤੋਂ ਪਹਿਲਾਂ ਸੋਸਾਇਟੀ ਦੇ ਸੰਸਥਾਪਕ ਡਾ. ਰਾਜਾ ਬਲਰਾਜ ਸਿੰਘ ਨੇ ਸਭ ਨੂੰ 'ਜੀ ਆਇਆਂ' ਆਖਦੇ ਹੋਏ ਕਿਹਾ ਕਿ "ਬੱਚੇ ਸਾਡੇ ਭਵਿੱਖ ਦੇ ਵਾਰਸ ਹਨ ਅਤੇ ਇਨ੍ਹਾਂ ਨੂੰ ਵੱਧ ਤੋਂ ਵੱਧ ਮੌਕੇ ਦੇਣੇ ਸਾਡਾ ਫਰਜ਼ ਹੈ ਅਤੇ ਸਮੇਂ ਦੀ ਲੋੜ ਵੀ!" ਪ੍ਰੋਗਰਾਮ ਦਾ ਆਰੰਭ ਟੋਰੰਟੋ ਤੋਂ ਅਨੁਰੀਤ ਕੌਰ ਅਤੇ ਮਨਰੀਤ ਕੌਰ ਵਲੋਂ ਗਾਏ ਸ਼ਬਦ "ਠਾਕੁਰ ਤੁਮ ਸਰਣਾਈ ਆਇਆ" ਨਾਲ ਹੋਇਆ। ਇਨ੍ਹਾਂ ਨੇ ਸੰਗਤ ਨਾਲ ਇੱਕ ਕਵਿਤਾ ਵੀ ਸੁਣਾਈ। ਉਥੋਂ ਹੀ ਸਿਮਰਲੀਨ ਕੌਰ ਅਤੇ ਪਰਮਜੀਤ ਸਿੰਘ ਨੇ ਖਾਲਸਾ ਸਾਜਨਾ ਦਿਵਸ ਨੂੰ ਸਮਰਪਿਤ ਗੀਤ "ਖਾਲਸੇ ਦਾ ਰੁਤਬਾ ਬੜਾ ਮਹਾਨ ਹੈ" ਸਾਜ਼ਾਂ ਨਾਲ ਗਾਇਨ ਕੀਤਾ।

ਟੋਰਾਂਟੋ ਤੋਂ 8 ਸਾਲ ਦੀ ਬੱਚੀ ਰਹਿਤਪ੍ਰੀਤ ਕੌਰ ਨੇ ਪੂਰੇ ਸਵੈ-ਵਿਸ਼ਵਾਸ ਨਾਲ ਕਵਿਤਾ "ਸਿੱਖੀ ਦਾ ਬੂਟਾ ਲਾਇਆ ਕਲਗੀਆਂ ਵਾਲੇ ਨੇ" ਬੁਲੰਦ ਆਵਾਜ਼ ਵਿੱਚ ਸੁਣਾਈ। ਅੰਮ੍ਰਿਤਸਰ ਤੋਂ ਬੀਬੀ ਹਰਪ੍ਰੀਤ ਕੌਰ ਨੇ 5 ਬੱਚੇ ਤਿਆਰ ਕੀਤੇ ਸਨ ਜਿਨ੍ਹਾਂ ਵਿਚ 6 ਸਾਲ ਦੇ ਹਰਮਨਦੀਪ ਸਿੰਘ ਨੇ ਮੂਲ ਮੰਤਰ, ਚੌਥੀ ਵਿਚ ਪੜ੍ਹਦੀ ਹਰਸੀਰਤ ਕੌਰ ਨੇ ਸ਼ਬਦ "ਥਿਰੁ ਘਰਿ ਬੈਸਹੁ ਹਰਿ ਜਨ ਪਿਆਰੇ", 10-ਵੀਂ ਦੀ ਅਰਸ਼ਪ੍ਰੀਤ ਕੌਰ ਨੇ "ਛੇੜ ਮਰਦਾਨਿਆ ਰਬਾਬ ਬਾਣੀ ਆਈ ਏ", ਅਤੇ ਛੋਟੇ ਅਸੀਸ਼ਪਾਲ ਸਿੰਘ ਨੇ ਇਕ ਧਾਰਮਿਕ ਗ਼ਜ਼ਲ ਪੇਸ਼ ਕੀਤੀ ਜਦ ਕਿ ਸਬਰੀਨਾ ਕੌਰ ਨੇ ਗੀਤ "ਆ ਨੀ ਵਿਸਾਖੀਏ ਤੂੰ ਆ ਨੀ ਵਿਸਾਖੀਏ" ਗਾ ਕੇ ਸੁਣਾਇਆ। ਹਰਸੀਰਤ ਕੌਰ ਕੈਲਗਰੀ ਨੇ ਇੱਕ ਭਾਵਪੂਰਤ ਕਵਿਤਾ "ਗੁਲਾਬ ਦੀ ਫਸਲ" ਭਾਵਪੂਰਤ ਢੰਗ ਨਾਲ ਸੁਣਾਈ।

ਨਵਨੀਤ ਕੌਰ ਮੋਰਿੰਡਾ ਨੇ "ਹੇ ਗੁਰੂ ਨਾਨਕ ਪਹੁੰਚ ਅਚਾਨਕ ਰਾਖਾ ਹੋ ਫੁਲਵਾੜੀ ਦਾ" ਕਵਿਤਾ ਰਾਹੀਂ ਸਿੱਖੀ ਦੀ ਅਜੋਕੀ ਦਸ਼ਾ ਦਾ ਬਿਆਨ ਕੀਤਾ। ਤਹਿਜ਼ੀਬ ਕੌਰ, ਮਹਿਤਾਬ ਸਿੰਘ ਅਤੇ ਜਸਲੀਨ ਕੌਰ ਨੇ ਸਾਂਝੇ ਤੌਰ ਤੇ ਦੋ ਕਵਿਤਾਵਾਂ "ਮਾਤਾ ਭਾਗੋ ਬੜੀ ਮਹਾਨ" ਅਤੇ "ਧੰਨ ਧੰਨ ਗੁਜਰੀ ਪਿਆਰੀ ਮਾਂ" ਰਾਹੀਂ ਇਨ੍ਹਾਂ ਨੂੰ ਸਿਜਦਾ ਕੀਤਾ। ਕੈਲਗਰੀ ਤੋਂ 12 ਸਾਲ ਦੇ ਸਹਿਜ ਸਿੰਘ ਗਿੱਲ ਨੇ "ਖਾਲਸੇ ਦਾ ਜਨਮ ਦਿਹਾੜਾ" ਕਵਿਤਾ ਪੇਸ਼ ਕੀਤੀ। ਜਾਪ ਸਿੰਘ ਗਿੱਲ (6 ਸਾਲ) ਅਤੇ ਅੰਬਰ ਕੌਰ ਗਿੱਲ (8 ਸਾਲ) ਨੇ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਤੇ ਗੀਤ "ਅੱਜ ਦਿਨ ਵਡਭਾਗੀ ਆਇਆ" ਗਾ ਕੇ ਸੁਣਾਇਆ। ਗੁਰਸ਼ਾਨ ਸਿੰਘ ਚਾਹਲ ਨੇ ਬੀਰ ਰਸੀ ਕਵਿਤਾ "ਜੋ ਪੁੱਤ ਨੇ ਗੁਰੂ ਗੋਬਿੰਦ ਸਿੰਘ ਦੇ, ਉਹ ਕਦੇ ਮੌਤ ਤੋਂ ਡਰਦੇ ਨਹੀਂ" ਪੇਸ਼ ਕੀਤੀ। ਮੋਹਕਮ ਸਿੰਘ ਚੌਹਾਨ ਨੇ ਢੱਡ ਨਾਲ "ਗੁਰੂ ਮੰਨ ਗੁਰਬਾਣੀ, ਪੜ੍ਹ ਸੁਣ ਗਾ" ਰਾਹੀਂ ਗੁਰਬਾਣੀ ਦੀ ਮਹੱਤਤਾ ਦਰਸਾਈ। ਇਟਲੀ ਤੋਂ ਬਲਕਾਰ ਸਿੰਘ ਬੱਲ ਨੇ ਇੱਕ ਗੀਤ "ਜੋਤ ਨੂਰਾਨੀ" ਗਾ ਕੇ ਸੁਣਾਇਆ। ਜੈਪੁਰ ਤੋਂ ਬ੍ਰਿਜਮੰਦਰ ਕੌਰ ਨੇ "ਜ਼ਮੀਨ ਹਿੰਦ ਦੀ ਤੇ ਇੱਕ ਪੀਰ ਦੇਖਿਆ" ਕਵਿਤਾ ਸੁਣਾਈ। ਜਲੰਧਰ ਤੋਂ ਸੁਮੇਧਾ ਕੌਰ ਦੀ ਕਵਿਤਾ "ਸਤਿਗੁਰ ਦੇ ਦਰ ਤੇ" ਦੀ ਵੀਡੀਓ ਪੇਸ਼ ਕੀਤੀ ਗਈ।

ਸਟੇਜ ਸਕੱਤਰ ਦੀ ਸੇਵਾ ਗੁਰਦੀਸ਼ ਕੌਰ ਗਰੇਵਾਲ ਜੀ ਨੇ ਬਾਖੂਬੀ ਨਿਭਾਈ ਅਤੇ ਬੱਚਿਆਂ ਨੂੰ ਹੱਲਾਸ਼ੇਰੀ ਦਿੱਤੀ। ਅਖੀਰ ਤੇ ਡਾ਼ ਸੁਰਜੀਤ ਸਿੰਘ ਭੱਟੀ ਨੇ ਸਮੂਹ ਬੱਚਿਆਂ ਅਤੇ ਉਨ੍ਹਾਂ ਦੇ ਮਾਪਿਆਂ ਦਾ ਧੰਨਵਾਦ ਕੀਤਾ ਅਤੇ ਹੋਰ ਵੀ ਮੌਕੇ ਦੇਣ ਦਾ ਸੋਸਾਇਟੀ ਵੱਲੋਂ ਭਰੋਸਾ ਦਿਵਾਇਆ।

## Are we forgetting to write ?

Ransher Singh, Sir Winston Churchill High School, Calgary (Canada)

**Handwriting** is disappearing and seems useless. Many people can hardly scrawl their name in an illegible script as they rely more on computers and smartphones. Handwriting gives cognitive skills, the abilities to process information, such as the power to focus on specific tasks while ignoring distractions, to store and recall information, to solve complex situations and evaluate options, to interpret and communicate effectively, to think logically, and to accurately use information to plan, organize, and manage tasks. Writing with hand is a unique personal experience which is not obtainable by typing.

**Autopen** is another device today that stores a person's signature, replicating it using a robotic arm that holds a real pen. Signatures have a personal touch.. One comes to know about past subjects and friends through their handwriting. Script becomes spidery and small when one writes emotionally charged, while a person's clear handwriting suggests diligence and an open mind. In the past, calligraphy and good handwriting were considered art-forms and talents with new ideas. But these are disappearing now



**Cursive writing** is no longer taught in schools. Some have removed it from their curricula. Few of us put pen to paper to record our thoughts, correspond with friends, or to list our daily needs. Instead of autographs, people now prefer selfies.

**Cognitive skills** (attention, memory, reasoning and learning languages), get enhanced from writing with hand. We notice our loss when we need to write. People use a pen only for a specific purpose, such as writing a cheque. Some physicians can not write legibly. Pharmacist may misread the instructions. Medical records are stored on computers, but the physicians need to write notes or prescriptions using pen on paper. Writing with hand prepares the brain for deep learning.

**Laptops** used in order to take notes impair learning as their use results in shallower mental processing and tend to transcribe lectures verbatim, rather than reframing them in their own words. They perform worse on conceptual questions. We retain information better when we write with hand because the slower pace forces us to summarise as we write. Typing allows for quicker recording of information, which is beneficial when data is large. However, typing does not have the same cognitive effects.

**Keyboards** are passive devices with negative consequences. The words on the screen are abstract and detached, so that skills decline. Writing requires dexterity in the hands and prompts the memory. It teaches more patience as, on an average, one can type 40 words a minute but can write only 13 words a minute by hand. As we ger saturated with virtual images, alluring technologies eclipses the need to see, touch and make things with our hands. Physically writing engages more brain regions, enhancing learning and recall, compared to the more passive typing. This gives access to an infinite amount of information online, through social media, and streaming services.

This has shifted the way we consume content, with shorter, more fragmented writing and reading experiences becoming more common. Global literacy rates in the past 50 years have improved, which means more people have the ability to read. Most educational institutions emphasize the importance of reading books from a young age but not the necessity of writing with a pen on paper. The way we value books and reading has also evolved very fast. Some push to preserve and promote literary traditions, while others have shifted towards visual and interactive media. Many libraries offer online resources. Reading physical books and preparing hand-written notes have declined. AI can assist students in the preparation for their examinations and others to read in comfort but understanding complex and hidden concepts remains the key roadblock.

**For a better grasp** of the concepts of what we write, it is advisable that we do not discard hand-writing altogether. Also, for deriving maximum benefits and joy from the various subjects that we study, it would help if, in addition to e-books and audio books, we read paperbacks as well.

## ਇਸ ਅੰਕ ਦੇ ਲੇਖਕਾਂ ਬਾਰੇ ਜਾਣਕਾਰੀ

**ਸਰਦਾਰਨੀ ਗੁਰਦੀਸ਼ ਕੌਰ ਗਰੇਵਾਲ** ਦੇ ਲੇਖ ਅਤੇ ਗੀਤ ਦੁਨੀਆਂ ਭਰ ਵਿੱਚ ਪ੍ਰਸਿੱਧ ਹਨ। ਉਹ 'ਵਿਸ਼ਵ ਪੰਜਾਬੀ ਕਵੀ ਸਭਾ' ਦੇ ਸਕੱਤਰ ਅਤੇ 'ਕੈਲਗਰੀ ਵੂਮੈਨ ਕਲਚਰਲ ਐਸੋਸੀਏਸ਼ਨ' ਦੇ ਜਨਰਲ ਸਕੱਤਰ ਹਨ। ਕਈ ਕਿਤਾਬਾਂ (ਕਵਿਤਾ ਅਤੇ ਵਾਰਤਕ) ਪ੍ਰਕਾਸ਼ਿਤ ਕੀਤੀਆਂ ਹਨ। ਕੈਨੇਡਾ ਸਰਕਾਰ ਤੋਂ ਦੋ ਵਾਰ ਅਤੇ ਭਾਰਤ ਸਰਕਾਰ ਅਤੇ ਸਾਹਿਤ ਸਭਾਵਾਂ ਤੋਂ ਕਈ ਵਾਰ ਸਨਮਾਨ ਮਿਲੇ ਹਨ । 'ਭਾਈ ਵੀਰ ਸਿੰਘ' ਅਵਾਰਡ ਨਾਲ ਵੀ ਸਨਮਾਨਿਆ ਗਿਆ।

**ਡਾ. ਸਰਦਾਰ ਕਾਬਲ ਸਿੰਘ,** ਐਮ.ਐਸ.ਸੀ. ਅਤੇ ਪੀ.ਐਚ.ਡੀ. ਪੰਜਾਬ ਖੇਤੀਬਾੜੀ ਯੂਨੀਵਰਸਿਟੀ ਤੋਂ ਕਰ ਕੇ ਭਾਰਤ, ਜ਼ੈਂਬੀਆ ਅਤੇ ਕੈਨੇਡਾ ਵਿੱਚ ਤਕਨੀਕੀ ਸਲਾਹਕਾਰ ਅਤੇ ਕਾਲਜਾਂ ਦੇ ਡੀਨ ਰਹੇ। ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਅਧਿਐਨ ਕਰ ਕੇ ਸਮਕਾਲੀ ਮਸਲਿਆਂ ਬਾਰੇ ਲਿਖਦੇ ਹਨ। ਉਨ੍ਹਾਂ ਨੇ ਜ਼ੂਮ ਪੇਸ਼ਕਾਰੀਆਂ ਰਾਹੀਂ ਸੰਗਤ ਨਾਲ ਮਜ਼ਬੂਤ ਤਾਲਮੇਲ ਸਥਾਪਿਤ ਕੀਤਾ ਹੈ। ( singhkabal285@gmail.com)

**ਪ੍ਰੋਫੈਸਰ ਸਰਦਾਰ ਮਨਿੰਦਰ ਸਿੰਘ**, ਐਮ.ਏ. ਕਰ ਕੇ ਗੁਰੂ ਨਾਨਕ ਕਾਲਜ ਧਨਬਾਦ ਵਿੱਚ ਲੈਕਚਰਾਰ ਰਹੇ। ਭਾਰਤ, ਮਲੇਸ਼ੀਆ, ਸਿੰਗਾਪੁਰ, ਅਤੇ ਕੈਨੇਡਾ ਵਿੱਚ ਸਿੱਖ ਵਿਦਿਆਰਥੀਆਂ ਨੂੰ ਗੁਰਮਤਿ ਦੀ ਸਿੱਖਿਆ ਦਿੱਤੀ। ਇੱਕ ਮੈਗਜ਼ੀਨ "ਜੋਤ ਤੇ ਜੁਗਤ" ਅਤੇ ਚਾਰ ਕਿਤਾਬਾਂ ਦਾ ਸੰਪਾਦਨ ਵੀ ਕੀਤਾ ਹੈ। (Web: http://www.mypanorama.ca.)

**ਸਰਦਾਰ ਕਰਮਜੀਤ ਸਿੰਘ ਨੂਰ** 2008 ਵਿੱਚ ਐਕਸੀਅਨ ਰਿਟਾਇਰ ਹੋਏ। ਅੱਠ ਕਾਵਿ ਸੰਗ੍ਰਹਿ ਛਪੇ ਹਨ। ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਦੇ ਮੀਤ ਪ੍ਰਧਾਨ ਤੇ ਸਕੱਤਰ ਸਨ। ਭਾਰਤ ਅਤੇ ਵਿਦੇਸ਼ਾਂ ਵਿਚ ਕਵੀ ਦਰਬਾਰਾਂ ਵਿਚ ਅਨੇਕਾਂ ਸਨਮਾਨ ਪ੍ਰਾਪਤ ਹੋਏ। ਦਿੱਲੀ ਵਿਖੇ ਸ੍ਰ. ਪ੍ਰੀਤਮ ਸਿੰਘ ਕਾਸਦ ਯਾਦਗਾਰੀ ਪੁਰਸਕਾਰ ਦਿੱਤਾ ਗਿਆ। ਸ੍ਰੀ ਦਸਮੇਸ਼ ਇੰਟਰਨੈਸ਼ਨਲ ਪੰਜਾਬੀ ਕਵੀ ਸਭਾ ਦੀ ਪ੍ਰਧਾਨਗੀ ਕਰ ਰਹੇ ਹਨ।

**ਸਰਦਾਰ ਮੋਨਿੰਦਰ ਸਿੰਘ** ਨੇ ਪੰਜਾਬ ਯੁਨੀਵਰਸਿਟੀ ਤੋਂ MBA ਕੀਤੀ ਹੈ ਅਤੇ ਹੁਣ ਕੈਲਗਰੀ ਦੇ ਨਿਵਾਸੀ ਹਨ। ਇੱਕ ਕੰਪਨੀ ਵਿਚ ਬਤੌਰ Special Project Manager ਕੰਮ ਕਰ ਰਹੇ ਹਨ।

**ਡਾ. ਸਰਦਾਰ ਡੀ. ਪੀ. ਸਿੰਘ**, ਵਿਗਿਆਨੀ, ਅਧਿਆਪਕ, ਅਤੇ ਵਿਸ਼ਵ ਪ੍ਰਸਿੱਧ ਲੇਖਕ ਹਨ, ਜਿਨ੍ਹਾਂ ਨੇ ਵਾਤਾਵਰਣ, ਸਮਾਜਿਕ ਵਿਸ਼ਿਆਂ ਅਤੇ ਸਿੱਖ ਅਧਿਆਤਮਿਕਤਾ ਤੇ ਅੰਗਰੇਜ਼ੀ ਅਤੇ ਪੰਜਾਬੀ ਵਿੱਚ ਬਹੁਤ ਕੁਝ ਲਿਖਿਆ ਹੈ। ਮਿਸੀਸਾਗਾ ਵਿਖੇ ਸੈਂਟਰ ਫਾਰ ਅੰਡਰਸਟੈਂਡਿੰਗ ਸਿੱਖਇਜ਼ਮ ਦੇ ਡਾਇਰੈਕਟਰ ਹਨ।

**ਸਰਦਾਰ ਜਸਵਿੰਦਰ ਸਿੰਘ ਰੂਪਾਲ**, ਐਮ. ਏ. (ਪੰਜਾਬੀ, ਅੰਗਰੇਜ਼ੀ, ਅਰਥ-ਸ਼ਾਸਤਰ, ਮਨੋ-ਵਿਗਿਆਨ ਅਤੇ ਪੱਤਰਕਾਰੀ) ਅਤੇ ਬੀ. ਐਡ. ਕਰ ਕੇ ਲੈਕਚਰਾਰ ਰਹੇ। ਗ਼ਜ਼ਲ, ਛੰਦ-ਬੰਦੀ ਕਾਵਿ, ਹਾਇਕੂ, ਕਹਾਣੀ, ਅਤੇ ਆਲੋਚਨਾ ਦੀਆਂ 30 ਪੁਸਤਕਾਂ ਛਪੀਆਂ ਹਨ। ਪੰਜਾਬੀ-ਸਾਂਝ (ਜਰਮਨ) ਦੇ ਸਹਿ-ਸੰਪਾਦਕ ਹਨ। 'ਸਾਂਝੀ ਵਿਰਾਸਤ' ਦੇ ਪ੍ਰੈਸ ਸੰਪਰਕ ਹਨ। (rupaljs@gmail.com).

## ਲੇਖਕਾਂ ਲਈ ਜ਼ਰੂਰੀ ਜਾਣਕਾਰੀ

1. ਮੈਗਜ਼ੀਨ ਦੀ ਨੀਤੀ : ਪੰਜਾਬੀ ਭਾਸ਼ਾ, ਸੱਭਿਆਚਾਰ, ਇਤਿਹਾਸ, ਅਤੇ ਵਿਰਾਸਤ ਬਾਰੇ ਧਰਮ-ਨਿਰਪੱਖ, ਗੈਰ-ਸਿਆਸੀ, ਗੈਰ-ਨਿੱਜੀ ਲਿਖਤਾਂ, ਸਮੀਖਿਆ ਕਰਕੇ ਛਾਪਣਾ।
2. ਲੇਖਕਾਂ ਦੇ ਵਿਚਾਰਾਂ ਲਈ ਜ਼ਿਮੇਵਾਰੀ ਲੇਖਕਾਂ ਦੀ ਹੀ ਹੋਵੇਗੀ, ਸੰਪਾਦਕੀ ਬੋਰਡ ਦੀ ਨਹੀਂ।
3. ਲਿਖਤ ਅਨਮੋਲ ਲਿਪੀ ਵਿਚ ਜਾਂ Times New Roman (14 ਫੌਂਟ) ਵਿਚ ਹੋਵੇ।
4. ਪ੍ਰਿੰਟ-ਸਕ੍ਰੀਨ, ਫੋਟੋ-ਕਾਪੀ, ਸਨਿੱਪ-ਟੂਲ, ਪੀ ਡੀ ਐਫ ਜਾਂ ਆਫਿਸ ਲੈਂਸ ਨਾ ਹੋਵੇ ਜੀ।
5. ਸਿੰਗਲ (1.0) ਲਾਈਨ ਸਪੇਸਿੰਗ ਤੇ ਹਾਸ਼ੀਏ ਲਈ ਚਾਰੇ ਪਾਸੇ ਇੱਕ ਇੰਚ ਜਗ੍ਹਾ ਛੱਡੀ ਹੋਵੇ।
6. ਲੇਖਕ ਆਪਣਾ ਨਾਮ, ਸ਼ਹਿਰ, ਦੇਸ਼, (ਚਾਹੁਣ ਤਾਂ ਫੋਟੋ), ਫ਼ੋਨ, ਈ-ਮੇਲ, ਵੱਟਸਐਪ ਤੇ ਬੜੀ ਸੰਖੇਪ ਜਾਣਕਾਰੀ ਦੇਣ ਜੀ।
7. ਕੁਲ ਲੰਬਾਈ (ਲੈਪਟਾਪ ਦੇ) ਦੋ ਪੰਨੇ - 800 ਸ਼ਬਦ (ਫੋਟੋ ਲਈ ਸਪੇਸ ਸਮੇਤ) ਹੋਣ ਜੀ।
8. ਲੰਬੇ ਲੇਖ ***sanjihivrasat**.org* ਦੇ 'ਬਲੌਗ' ਉਤੇ ਜਾਂ ਲੜੀਵਾਰ ਛਾਪੇ ਜਾਣਗੇ।
9. ਲੇਖਕਾਂ ਦੀ ਜ਼ਿਮੇਵਾਰੀ ਹੋਵੇਗੀ ਦੇਖਣ ਕਿ '***Copyright Infringement***' ਨਾ ਹੋਵੇ।
10. ਹਵਾਲੇ ਵਿਚ ਟਾਈਟਲ, ਮੂਲ ਲੇਖਕ, ਜਰਨਲ ਦਾ ਅੰਕ / ਕਿਤਾਬ ਦਾ ਨਾਮ, ਸਾਲ ਤੇ ਪੰਨਾਂ ਨੰਬਰ ਦਿਓ ਜੀ। ਗੁਰਬਾਣੀ ਲਈ ਸਰੋਤ ਤੇ ਪੰਨਾਂ ਨੰਬਰ ਦੱਸਣਾ ਜ਼ਰੂਰੀ ਹੈ ਜੀ।

## Important Information for Authors

1. **Magazine Policy** : To Promote Punjabi Culture, History and Heritage (By Secular, Non-Political, Non-Personal Articles/Poems, after Review)
2. **Editorial Board** : Will not be responsible for views of Authors / Poets.
3. **Font size 12/14** : Panjabi-'Anmol Lipi' (English -Times New Roman)
4. **Spacing, margin** : Line-to-line 1.0, Margins One Inch on all four sides.
5. **Format -WORD** : No PDF, Photocopy, Print-screen, Snip, Office-Lens
6. **Author's Data** : Name, City (Country), A Brief (own) Introduction, Give Phone, E-mail, or WhatsApp. (photo - optional)
7. **Maximum** : Two pages (Including Photo) of 800 Laptop words.
8. **Longer Articles** : On BLOG Website *(sanjhivirasat.org)* or serialized.
9. **Copy -Right** : Authors will ensure there is 'No CR' Infringement.
10. **References** : Source (Author, Title, Journal / Book, Year, Pages.

## ਸੰਪਾਦਕੀ ਮੰਡਲ (ਸਾਂਝੀ ਵਿਰਾਸਤ)

## Editorial Board (*Sanjhi Virasat*)


| | |
|---|---|
| ਡਾ. ਸਰਦਾਰ ਰਾਜਾ ਬਲਰਾਜ ਸਿੰਘ | ਕੈਲਗਰੀ (ਕੈਨੇਡਾ) |
| ਸਰਦਾਰਨੀ ਗੁਰਦੀਸ਼ ਕੌਰ ਗਰੇਵਾਲ | ਕੈਲਗਰੀ (ਕੈਨੇਡਾ) |
| ਪ੍ਰੋਫ਼ੈਸਰ ਸਰਦਾਰ ਮਨਿੰਦਰ ਸਿੰਘ | ਐਡਮਿੰਟਨ (ਕੈਨੇਡਾ) |
| ਡਾ. ਸਰਦਾਰ ਕਾਬਲ ਸਿੰਘ | ਐਡਮਿੰਟਨ (ਕੈਨੇਡਾ) |
| ਡਾ. ਸਰਦਾਰ ਬਲਦੇਵ ਸਿੰਘ | ਐਡਮਿੰਟਨ (ਕੈਨੇਡਾ) |
| ਸਰਦਾਰ ਜਗਬੀਰ ਸਿੰਘ ਕੋਹਲੀ | ਕੈਲਗਰੀ (ਕੈਨੇਡਾ) |
| ਸਰਦਾਰ ਪਰਮਜੀਤ ਸਿੰਘ | ਟੋਰੋਂਟੋ (ਕੈਨੇਡਾ) |
| ਸਰਦਾਰ ਜਸਵਿੰਦਰ ਸਿੰਘ ਰੁਪਾਲ | ਕੈਲਗਰੀ (ਕੈਨੇਡਾ) |
| ਸਰਦਾਰ ਉਂਕਾਰ ਸਿੰਘ ਟਿਵਾਣਾ | ਓਨਟਾਰੀਓ (ਕੈਨੇਡਾ) |
| ਡਾ. ਸਰਦਾਰ ਰਾਜਬੀਰ ਸਿੰਘ ਭੱਟੀ (ਤਕਨੀਕੀ ਸੰਪਾਦਕ) | ਕੈਲਗਰੀ (ਕੈਨੇਡਾ) |
| ਸਰਦਾਰ ਯੁਵਰਾਜ ਸਿੰਘ (ਤਕਨੀਕੀ ਸਲਾਹਕਾਰ) | ਕੈਲਗਰੀ (ਕੈਨੇਡਾ) |
| ਡਾ. ਸਰਦਾਰ ਸੁਰਜੀਤ ਸਿੰਘ ਭੱਟੀ (ਮੁਖ ਸੰਪਾਦਕ) | ਕੈਲਗਰੀ (ਕੈਨੇਡਾ) |


### ਸਲਾਹਕਾਰ


| | |
|---|---|
| ਡਾ. ਸਰਦਾਰ ਕਾਲਾ ਸਿੰਘ | ਵੈਨਕੂਵਰ (ਕੈਨੇਡਾ) |
| ਡਾ. ਸਰਦਾਰ ਦੇਵਿੰਦਰ ਸਿੰਘ ਸੇਖੋਂ | ਵਿੰਡਸਰ (ਕੈਨੇਡਾ) |
| ਡਾ. ਸਰਦਾਰ ਦੇਵਿੰਦਰ ਪਾਲ ਸਿੰਘ | ਮਿਸੀਸਾਗਾ (ਕੈਨੇਡਾ) |
| ਡਾ. ਸਰਦਾਰ ਜਗਜੀਤ ਸਿੰਘ | ਵੈਨਕੂਵਰ (ਕੈਨੇਡਾ) |
| ਸਰਦਾਰ ਕਰਮਜੀਤ ਸਿੰਘ ਨੂਰ | ਜਲੰਧਰ (ਭਾਰਤ) |
| ਸਰਦਾਰਨੀ ਅਮ੍ਰਿਤਪਾਲ ਕੌਰ | ਜਲੰਧਰ (ਭਾਰਤ) |
| ਸ਼੍ਰੀ ਰਿਸ਼ੀ ਨਾਗਰ | ਕੈਲਗਰੀ (ਕੈਨੇਡਾ) |
| ਸਰਦਾਰ ਰਣਸ਼ੇਰ ਰਾਜ ਸਿੰਘ (ਤਕਨੀਕੀ ਸਹਾਇਕ) | ਕੈਲਗਰੀ (ਕੈਨੇਡਾ) |

## ਐਡੀਟੋਰੀਅਲ ਬੋਰਡ




ਡਾ. ਰਾਜਾ ਬਲਰਾਜ ਸਿੰਘ



ਗੁਰਦੀਸ਼ ਕੌਰ ਗਰੇਵਾਲ



ਪ੍ਰੋਫ਼ੈਸਰ ਮਨਿੰਦਰ ਸਿੰਘ



ਡਾ. ਕਾਬਲ ਸਿੰਘ



ਡਾ. ਬਲਦੇਵ ਸਿੰਘ



ਸ੍ਰ. ਜਗਬੀਰ ਸਿੰਘ ਕੋਹਲੀ



ਸ੍ਰ. ਪਰਮਜੀਤ ਸਿੰਘ



ਸ੍ਰ. ਜਸਵਿੰਦਰ ਸਿੰਘ ਰੁਪਾਲ



ਸ੍ਰ. ਉਂਕਾਰ ਸਿੰਘ ਟਿਵਾਣਾ



ਡਾ. ਰਾਜਬੀਰ ਸਿੰਘ ਭੱਟੀ



ਸ੍ਰ. ਯੁਵਰਾਜ ਸਿੰਘ



ਡਾ. ਸੁਰਜੀਤ ਸਿੰਘ ਭੱਟੀ

## ਸਲਾਹਕਾਰ



ਡਾ. ਕਾਲਾ ਸਿੰਘ



ਡਾ. ਡੀ. ਪੀ ਸਿੰਘ



ਡਾ. ਜਗਜੀਤ ਸਿੰਘ



ਡਾ. ਦਵਿੰਦਰ ਸਿੰਘ ਸੇਖੋਂ



ਸ੍ਰ. ਕਰਮਜੀਤ ਸਿੰਘ ਨੂਰ



ਅਮ੍ਰਿਤਪਾਂਲ ਕੌਰ



ਰਿਸ਼ੀ ਨਾਗਰ



ਰਣਸ਼ੇਰ ਰਾਜ ਸਿੰਘ
ਤਕਨੀਕੀ ਸਹਾਇਕ